British Columbia's
Office of the Human Rights
Commissioner

# ਨਫ਼ਰਤ ਤੋਂ ਉਮੀਦ ਤੱਕ: ਕੋਵਿਡ-19 ਮਹਾਂਮਾਰੀ ਵਿਚ ਨਫ਼ਰਤ ਦੀ ਇਨਕੁਆਰੀ ਦੀ ਰਿਪੋਰਟ

## ਰਿਪੋਰਟ ਦਾ ਸੰਖੇਪ

ਮਾਰਚ 2023

ਅੰਗਰੇਜ਼ੀ ਵਿਚ ਪੂਰੀ ਰਿਪੋਰਟ ਇੱਥੇ ਦੇਖੀ ਜਾ ਸਕਦੀ ਹੈ: bchumanrights.ca/Inquiry-Into-Hate

ਕੋਵਿਡ-19 ਦੌਰਾਨ ਅਸੀਂ ਆਪਣੀ ਸਾਂਝੀ ਮਾਸੂਮੀਅਤ ਗੁਆ ਲਈ। ਅਸੀਂ ਹੁਣ ਇਹ ਜਾਣਦੇ ਹਾਂ ਕਿ ਅਸੀਂ ਆਪਣੇ ਭਾਈਚਾਰਿਆਂ, ਆਪਣੀਆਂ ਜੌਬਾਂ, ਆਪਣੇ ਰੋਜ਼ਾਨਾ ਨੇਮਾਂ ਜਾਂ ਆਪਣੇ ਰਾਜਨੀਤਕ ਸਿਸਟਮਾਂ ਨੂੰ ਅਣਗੌਲਿਆ ਨਹੀਂ ਕਰ ਸਕਦੇ। ਅਸੀਂ ਹੁਣ ਜਾਣਦੇ ਹਾਂ ਕਿ ਵਾਇਰਸ ਵਰਗੀ ਕੋਈ ਛੋਟੀ ਜਿਹੀ ਸ਼ੈਅ ਕੁਝ ਹਫਤਿਆਂ ਵਿਚ ਹੀ ਦੁਨੀਆ ਭਰ ਵਿਚ ਤਬਾਹੀ ਮਚਾ ਸਕਦੀ ਹੈ। ਅਤੇ ਅਸੀਂ ਹੁਣ ਜਾਣਦੇ ਹਾਂ ਕਿ ਇਸ ਆਕਾਰ ਦੇ ਸਿਹਤ ਸੰਕਟ ਨਾਲ ਅਸੀਂ ਸਮਾਜਿਕ ਸੰਕਟ ਵੀ ਦੇਖਾਂਗੇ, ਜਿਵੇਂ ਕਿ ਨਫ਼ਰਤ ਅਤੇ ਹਿੰਸਾ ਵਿਚ ਵਾਧਾ। ਅਸੀਂ ਭਵਿੱਖ ਵਿਚ ਆਉਣ ਵਾਲੀਆਂ ਸੰਕਟਮਈ ਹਾਲਤਾਂ ਵਿਚ ਨਫ਼ਰਤ ਦੇ ਵਾਧੇ ਤੋਂ ਹੈਰਾਨ ਨਹੀਂ ਹੋ ਸਕਦੇ। ਮਹਾਂਮਾਰੀ ਦੌਰਾਨ ਜੋ ਸਾਨੂੰ ਤਜਰਬਾ ਹੋਇਆ ਹੈ, ਸਾਡੇ ਲਈ ਉਸ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ ਅਤੇ ਇਹ ਦੁਬਾਰਾ ਹੋਣ ਤੋਂ ਰੋਕਥਾਮ ਕਰਨ ਲਈ ਸਾਡੇ ਲਈ ਹੁਣੇ ਐਕਸ਼ਨ ਲੈਣਾ ਜ਼ਰੂਰੀ ਹੈ। ਸਾਡੀਆਂ ਸਿਫਾਰਸ਼ਾਂ ਐਕਸ਼ਨ ਲਈ ਰਾਹ ਦਰਸਾਉਂਦੀਆਂ ਹਨ।

ਭਾਵੇਂ ਨਫ਼ਰਤ ਕੋਈ ਨਵੀਂ ਨਹੀਂ ਹੈ, ਮਹਾਂਮਾਰੀ ਸਾਡੇ ਸਾਂਝੇ ਤਜਰਬੇ ਵਿਚ ਇਕ ਅਜਿਹੇ ਸਮੇਂ ਦੀ ਨਿਸ਼ਾਨਦੇਹੀ ਕਰਦੀ ਹੈ ਜਿਹੜਾ ਡਰ, ਬੇਇਤਬਾਰੀ, ਵੰਡ ਅਤੇ ਨਫ਼ਰਤ ਨਾਲ ਭਰਿਆ ਹੋਇਆ ਹੈ। ਇਸ ਨੇ ਸਾਨੂੰ ਸੁਰੱਖਿਅਤ ਰੱਖਣ ਅਤੇ ਕਾਨੂੰਨ ਦੇ ਰਾਜ ਅਤੇ ਲੋਕਤੰਤਰ ਨੂੰ ਬਰਕਰਾਰ ਰੱਖਣ ਲਈ ਤਿਆਰ ਕੀਤੀਆਂ ਗਈਆਂ ਸੰਸਥਾਵਾਂ ਨੂੰ ਚੁਣੌਤੀ ਦਿੱਤੀ ਹੈ। ਇਹ ਇਕ ਅਜਿਹਾ ਦੌਰ ਹੈ ਜਿਹੜਾ ਨਾ ਸਿਰਫ ਨਸਲ ਜਾਂ ਧਰਮ ਦੇ ਆਧਾਰ `ਤੇ ਨਫ਼ਰਤ ਨੂੰ ਅੰਕਿਤ ਕਰਦਾ ਹੈ ਸਗੋਂ ਬੇਘਰੇ ਲੋਕਾਂ, ਔਰਤਾਂ, ਬਦੇਸ਼ੀ ਵਰਕਰਾਂ, ਸਿਹਤ ਦੀ ਜਾਣਕਾਰੀ ਦੇਣ ਵਾਲਿਆਂ, ਰਾਜਨੀਤਕ ਲੋਕਾਂ ਅਤੇ ਬਹੁਤ ਸਾਰੇ ਹੋਰਨਾਂ ਵੱਲ ਸੇਧਤ ਨਫ਼ਰਤ ਨੂੰ ਵੀ ਸਪਸ਼ਟ ਕਰਦਾ ਹੈ। ਇਹ ਇਕ ਅਜਿਹਾ ਸਮਾਂ ਹੈ ਜਿੱਥੇ ਅਸੀਂ ਉਨ੍ਹਾਂ ਦੀਆਂ ਆਵਾਜ਼ਾਂ ਸੁਣੀਆਂ ਹਨ ਜਿਹੜੀਆਂ ਔਨਲਾਈਨ ਨਫ਼ਰਤ ਦਾ ਨਿਸ਼ਾਨਾ ਬਣਾਏ ਜਾਣ ਕਰਕੇ ਚੁੱਪ ਹੋ ਗਈਆਂ ਹਨ।

ਇਹ ਅਜਿਹਾ ਸਮਾਂ ਵੀ ਹੈ ਜਿਸ ਵਿਚ ਅਸੀਂ ਸਾਂਝੀ ਸੰਭਾਲ ਦਾ ਇਕ ਅਨੂਠਾ ਪੱਧਰ ਦੇਖਿਆ ਹੈ। ਨਸਲਵਾਦ ਅਤੇ ਇਸ ਦੇ ਰੰਗਦਾਰ ਲੋਕਾਂ ਦੀਆਂ ਜ਼ਿੰਦਗੀਆਂ ਉੱਪਰ ਪੈਂਦੇ ਅਸਲੀ ਅਸਰਾਂ ਬਾਰੇ ਲੋਕਾਂ ਦਾ ਗਿਆਨ ਕਾਫੀ ਵਧਿਆ ਹੈ। ਭਾਈਚਾਰੇ ਉਨ੍ਹਾਂ ਲੋਕਾਂ ਨਾਲ ਇਕਮੁੱਠਤਾ ਦਿਖਾਉਣ ਅਤੇ ਨਫ਼ਰਤ ਦੇ ਖਿਲਾਫ ਬੋਲਣ ਲਈ ਅੱਗੇ ਆਏ ਹਨ ਜਿਨ੍ਹਾਂ `ਤੇ ਸਭ ਤੋਂ ਜ਼ਿਆਦਾ ਅਸਰ ਪਿਆ ਹੈ।

ਇਸ ਸੰਦਰਭ ਵਿਚ ਹੀ ਬੀ.ਸੀ. ਦੇ ਹਿਊਮਨ ਰਾਈਟਸ ਕਮਿਸ਼ਨਰ ਨੇ, ਮਹਾਂਮਾਰੀ ਦੌਰਾਨ ਬ੍ਰਿਟਿਸ਼ ਕੋਲੰਬੀਆ ਵਿਚ ਨਫ਼ਰਤ ਨਾਲ ਸੰਬੰਧਿਤ ਘਟਨਾਵਾਂ ਵਿਚ ਰਿਪੋਰਟ ਕੀਤੇ ਗਏ ਵਾਧੇ ਦੀ ਜਾਂਚ ਕਰਨ ਲਈ, ਇਸ ਦੇ ਮੁਢਲੇ ਕਾਰਨਾਂ ਦਾ ਪਤਾ ਲਾਉਣ ਅਤੇ ਐਕਸ਼ਨ ਲੈਣਯੋਗ ਸਿਫਾਰਸ਼ਾਂ ਤਿਆਰ ਕਰਨ ਲਈ ਇਹ ਪਬਲਿਕ ਇਨਕੁਆਰੀ ਸ਼ੁਰੂ ਕੀਤੀ - ਕੋਵਿਡ-19 ਮਹਾਂਮਾਰੀ ਵਿਚ ਨਫ਼ਰਤ ਦੀ ਇਨਕੁਆਰੀ। ਇਨਕੁਆਰੀ ਲਈ ਜਾਣਕਾਰੀ ਹਾਸਲ ਕਰਨ ਲਈ ਕਮਿਸ਼ਨਰ ਨੇ ਵਿਚਾਰਗੋਚਰਾ ਵਿਸ਼ਾ ਅਤੇ  ̈ਨਫ਼ਰਤੀ  ਘਟਨਾ" ਦੀ ਪਰਿਭਾਸ਼ਾ ਤਿਆਰ ਕੀਤੇ। ਕਮਿਸ਼ਨਰ ਅਤੇ ਇਸ ਦੇ ਸਟਾਫ ਨੇ ਇਨਕੁਆਰੀ ਦੇ ਤਰੀਕੇ ਤਿਆਰ ਕੀਤੇ ਜਿਹੜੇ ਪਹੁੰਚਯੋਗ ਸਨ, ਜਿਨ੍ਹਾਂ ਨੇ ਜ਼ਿਆਦਾ ਲੋਕਾਂ ਨੂੰ ਹਿੱਸਾ ਲੈਣ ਦੇ ਯੋਗ ਬਣਾਇਆ, ਭਾਈਚਾਰਿਆਂ ਨੂੰ ਸ਼ਾਮਲ ਕੀਤਾ ਅਤੇ ਇਹ ਸਦਮਿਆਂ ਦੇ ਅਸਰਾਂ ਤੋਂ ਜਾਣੂ ਸਨ।

ਕਮਿਸ਼ਨਰ ਨੇ ਇਨ੍ਹਾਂ ਰਾਹੀਂ ਜਾਣਕਾਰੀ ਅਤੇ ਸਬੂਤ ਇਕੱਠੇ ਕੀਤੇ:

- 46 ਵਰਚੂਅਲ ਮੂੰਹਜ਼ਬਾਨੀ ਸੁਣਵਾਈਆਂ ਜਿਨ੍ਹਾਂ ਵਿਚ ਅਸੀਂ 100 ਲੋਕਾਂ ਤੋਂ ਸੁਣਿਆ ਜਿਸ ਵਿਚ 52 ਸੰਸਥਾਵਾਂ ਸ਼ਾਮਲ ਸਨ
- 20 ਵਿਚਾਰ ਲਿਖਤੀ ਰੂਪ ਵਿਚ ਮਿਲੇ
- ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਲੋਕਾਂ ਦਾ ਅਕਸ ਦਿਖਾਉਣ ਵਾਲੇ ਲੋਕਾਂ ਦੇ ਸਮੂਹ ਦੀ ਰਾਇ ਦਾ ਪਬਲਿਕ ਸਰਵੇ
- ਇਕ ਪਬਲਿਕ ਸਰਵੇ ਜਿੱਥੇ ਅਸੀਂ 2,500 ਤੋਂ ਜ਼ਿਆਦਾ ਲੋਕਾਂ ਤੋਂ ਸੁਣਿਆ
- 46 ਜਨਤਕ ਸੰਸਥਾਵਾਂ ਤੋਂ ਜਾਣਕਾਰੀ ਮੰਗੀ
- ਬੀ.ਸੀ. ਵਿਚਲੇ ਸਾਰੇ ਮਿਊਨਿਸਪਲ ਪੁਲੀਸ ਡਿਪਾਰਟਮੈਂਟਾਂ ਅਤੇ ਬੀ ਸੀ ਆਰ ਸੀ ਐੱਮ ਪੀ ਤੋਂ ਜਾਣਕਾਰੀ ਦੇ ਦੋ ਸੈੱਟ ਮੰਗੇ
- ਜਾਣਕਾਰੀ ਲੈਣ ਲਈ ਸੱਤ ਸੋਸ਼ਲ ਮੀਡੀਆ ਕੰਪਨੀਆਂ ਨੂੰ ਆਰਡਰ ਅਤੇ ਬੇਨਤੀਆਂ ਕੀਤੀਆਂ
- ਇਨਕੁਆਰੀ ਨਾਲ ਸੰਬੰਧਿਤ ਵਿਸ਼ਿਆਂ `ਤੇ ਪੰਜ ਬਾਹਰੀ ਰੀਸਰਚ ਰਿਪੋਰਟਾਂ
- ਅੰਤਰ-ਖੇਤਰੀ ਖੋਜ
- ਐਲਡਰਜ਼ ਨਾਲ ਨਿੱਜੀ ਮਿਲਣੀ

**ਇਸ ਸਬੂਤ ਰਾਹੀਂ, ਕਮਿਸ਼ਨਰ ਨੇ ਇਹ ਮੁੱਖ ਸਿੱਟੇ ਕੱਢੇ:**

- ਨਫ਼ਰਤ ਦੀਆਂ ਘਟਨਾਵਾਂ ਮਹਾਂਮਾਰੀ ਦੌਰਾਨ ਨਾਟਕੀ ਢੰਗ ਨਾਲ ਵਧੀਆਂ। ਕਮਿਸ਼ਨਰ ਨੇ ਬੀ.ਸੀ. ਦੇ ਹਰ ਇਲਾਕੇ ਵਿਚ ਨਸਲ, ਲਿੰਗ, ਕਾਮੁਕ ਰੁਚੀ, ਧਰਮ ਅਤੇ ਪਿਛੋਕੜ ਦੇ ਆਧਾਰ `ਤੇ ਅਤੇ ਖਾਸ ਕਰਕੇ ਰਲਵੀਂਆਂ ਪਛਾਣਾਂ ਵਾਲੇ ਲੋਕਾਂ ਨੂੰ ਹੋਏ ਨਫ਼ਰਤੀ ਤਜਰਬਿਆਂ ਬਾਰੇ ਸੁਣਿਆ। ਏਸ਼ੀਅਨ ਲੋਕਾਂ ਖਿਲਾਫ ਨਫ਼ਰਤ ਵਿਚ ਖਾਸ ਤੌਰ `ਤੇ ਤਿੱਖਾ ਵਾਧਾ ਹੋਇਆ ਸੀ, ਅਤੇ ਲਿੰਗ ਦੇ ਆਧਾਰ `ਤੇ ਨਫ਼ਰਤ ਅਤੇ ਹਿੰਸਾ ਵੀ ਹੋਈ ਸੀ।

  ਮਹਾਂਮਾਰੀ ਦੌਰਾਨ, ਬਹੁਤ ਸਾਰੇ ਲੋਕਾਂ ਨੂੰ ਪਬਲਿਕ ਅਤੇ ਪ੍ਰਾਈਵੇਟ ਥਾਂਵਾਂ ਵਿਚ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਜਿਹੜੀਆਂ ਥਾਂਵਾਂ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਹਨ। ਇਨ੍ਹਾਂ ਥਾਂਵਾਂ ਵਿਚ ਸਟਰੀਟਾਂ, ਪਾਰਕ, ਟ੍ਰਾਂਜ਼ਿਟ, ਰੈਸਟੋਰੈਂਟ, ਸਟੋਰ, ਸਕੂਲ, ਹੈਲਥ ਕੇਅਰ ਦੇਣ ਵਾਲੀਆਂ ਥਾਂਵਾਂ ਅਤੇ ਉਨ੍ਹਾਂ ਦੇ ਆਪਣੇ ਘਰ ਸ਼ਾਮਲ ਸਨ। ਨਫ਼ਰਤ ਦੀਆਂ ਘਟਨਾਵਾਂ, ਨਫ਼ਰਤ ਭਰੀਆਂ ਟਿੱਪਣੀਆਂ ਅਤੇ ਬੇਇੱਜ਼ਤੀਆਂ, ਗ੍ਰੈਫਿਟੀ, ਜਾਇਦਾਦ ਦਾ ਨੁਕਸਾਨ, ਸਰੀਰਕ ਧੱਕੇਸ਼ਾਹੀ ਅਤੇ

ਹਮਲੇ, ਹਿੰਸਾ ਦੀਆਂ ਧਮਕੀਆਂ ਅਤੇ ਲੋਕਾਂ ਉੱਪਰ ਥੁੱਕਣ ਜਾਂ ਉਨ੍ਹਾਂ ਉੱਪਰ ਗਾਰਬੇਜ ਸੁੱਟੇ ਜਾਣ ਤੋਂ ਲੈ ਕੇ ਹਿੰਸਕ ਹਮਲਿਆਂ ਤੱਕ ਵੱਖ ਵੱਖ ਸਨ।

- ਹਾਸ਼ੀਏ ਉੱਪਰਲੇ ਭਾਈਚਾਰਿਆਂ ਨੂੰ ਨਫ਼ਰਤ ਦਾ ਜ਼ਿਆਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਖਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਦੀਆਂ ਰਲਵੀਆਂ ਪਛਾਣਾਂ ਹਨ। ਨਫ਼ਰਤ ਦਾ ਨਤੀਜਾ ਫੌਰੀ ਅਤੇ ਲੰਬੇ ਸਮੇਂ ਲਈ ਸਰੀਰਕ ਅਤੇ ਜਜ਼ਬਾਤੀ ਨੁਕਸਾਨ, ਸੇਫਟੀ ਲਈ ਡਰ ਅਤੇ ਵਿਅਕਤੀ ਦੀ ਸੰਬੰਧ ਰੱਖਣ ਦੀ ਭਾਵਨਾ ਨੂੰ ਢਾਹ ਲੱਗਣ ਵਿਚ ਨਿਕਲਦਾ ਹੈ। ਇਸ ਦਾ ਵਿਚਾਰਾਂ ਦੇ ਪ੍ਰਗਟਾਵੇ `ਤੇ ਵੀ ਬਹੁਤ ਅਸਰ ਪੈਂਦਾ ਹੈ। ਨਫ਼ਰਤ ਦੇ ਅਸਰ ਜਮ੍ਹਾਂ ਹੋ ਕੇ ਵੱਧਦੇ ਜਾਂਦੇ ਹਨ।
- ਮਹਾਂਮਾਰੀ ਦੌਰਾਨ ਲਿੰਗ-ਆਧਾਰਿਤ ਹਿੰਸਾ ਨਾਟਕੀ ਢੰਗ ਨਾਲ ਵਧੀ ਜਦ ਕਿ ਪੀੜਿਤਾਂ-ਸ਼ਿਕਾਰ ਹੋਏ ਲੋਕਾਂ ਲਈ ਮਦਦ ਦੇ ਸਿਸਟਮ ਬੰਦ ਹੋ ਗਏ ਜਾਂ ਘੱਟ ਸਮਰੱਥਾ `ਤੇ ਚੱਲ ਰਹੇ ਸਨ, ਜਿਸ ਨਾਲ ਪੀੜਿਤ-ਸ਼ਿਕਾਰ ਹੋਏ ਲੋਕ ਜ਼ਿਆਦਾ ਖਤਰੇ ਵਿਚ ਪੈ ਗਏ। ਇਹ ਦੇਖਦਿਆਂ ਹੋਇਆਂ ਕਿ ਬੀਤੇ ਸਮੇਂ ਦੇ ਸਮਾਜਕ ਸੰਕਟ ਇਸ ਤਰ੍ਹਾਂ ਦੇ ਵਾਧਿਆਂ ਦਾ ਕਾਰਨ ਬਣੇ ਸਨ, ਇਨ੍ਹਾਂ ਵਾਧਿਆਂ ਦਾ ਅਨੁਮਾਨ ਲਾਇਆ ਜਾਣਾ ਚਾਹੀਦਾ ਸੀ ਅਤੇ ਇਨ੍ਹਾਂ ਨੂੰ ਘਟਾਇਆ ਜਾਣਾ ਚਾਹੀਦਾ ਸੀ। ਕਮਿਸ਼ਨਰ ਨੇ ਲਿੰਗ-ਆਧਾਰਿਤ ਹਿੰਸਾ, ਇਸਤਰੀ ਜਾਤੀ ਤੋਂ ਘਿਰਣਾ ਅਤੇ ਸਮੂਹਿਕ ਹਤਿਆਵਾਂ ਵਿਚਕਾਰ ਸੰਬੰਧ ਦੇ ਵਧ ਰਹੇ ਸਬੂਤ ਦਾ ਨੋਟਿਸ ਲਿਆ ਹੈ। ਭਾਵੇਂ ਕਿ ਲਿੰਗ ਦੇ ਆਧਾਰ `ਤੇ ਨਫ਼ਰਤ ਅਕਸਰ ਲਿੰਗ-ਆਧਾਰਿਤ ਹਿੰਸਾ ਵਿਚ ਨਿਕਲਦੀ ਹੈ, ਉਸ ਹਿੰਸਾ ਨੂੰ ਕਾਨੂੰਨ ਹੇਠ ਜਾਂ ਜ਼ਿਆਦਾ ਆਮ ਤੌਰ `ਤੇ ਸਮਾਜ ਵਿਚ ਬਹੁਤ ਘੱਟ ਨਫ਼ਰਤ ਮੰਨਿਆ ਜਾਂਦਾ ਹੈ।
- ਮਹਾਂਮਾਰੀ ਦੌਰਾਨ ਔਨਲਾਈਨ ਨਫ਼ਰਤ ਨਾਟਕੀ ਢੰਗ ਨਾਲ ਵਧੀ। ਕਮਿਸ਼ਨਰ ਨੂੰ ਇਹ ਪਤਾ ਲੱਗਾ ਕਿ ਮਹਾਂਮਾਰੀ ਦੌਰਾਨ ਔਨਲਾਈਨ ਨਫ਼ਰਤ ਵਿਚਲੇ ਵਾਧੇ ਵਿਚ ਕਈ ਪੱਖਾਂ ਨੇ ਯੋਗਦਾਨ ਪਾਇਆ, ਜਿਸ ਵਿਚ ਔਨਲਾਈਨ ਬਿਤਾਇਆ ਜਾਣ ਵਾਲਾ ਜ਼ਿਆਦਾ ਸਮਾਂ, ਗਲਤ ਜਾਣਕਾਰੀ ਦਾ ਬੇਰੋਕ-ਟੋਕ ਫੈਲਣਾ, ਗਲਤ ਜਾਣਕਾਰੀ ਅਤੇ ਸਾਜਸ਼ੀ ਥਿਊਰੀਆਂ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਦਾ ਡਿਜ਼ਾਇਨ ਅਤੇ ਕਾਰਪੋਰੇਸ਼ਨਾਂ ਦੀਆਂ ਨਫ਼ਰਤੀ ਸਪੀਚਾਂ ਬਾਰੇ ਪਾਲਸੀਆਂ ਦੀ ਨਾਕਾਫੀ ਤਾਮੀਲ ਸ਼ਾਮਲ ਹਨ। ਮੁਨਾਫੇ ਕਮਾਉਣ ਲਈ ਸੋਸ਼ਲ ਮੀਡੀਆ ਕੰਪਨੀਆਂ ਵਲੋਂ ਵਰਤੇ ਜਾਂਦੇ ਬਹੁਤ ਸਾਰੇ ਕੰਪਿਊਟਰ ਪ੍ਰੋਗਰਾਮ ਦਰਸ਼ਕਾਂ ਨੂੰ ਨਫ਼ਰਤੀ ਸਾਮੱਗਰੀ ਵੱਲ ਭੇਜ ਕੇ ਨਫ਼ਰਤ ਵੀ ਪੈਦਾ ਕਰਦੇ ਹਨ। ਬਹੁਤ ਸਾਰੀਆਂ ਸੋਸ਼ਲ ਮੀਡੀਆ ਕੰਪਨੀਆਂ ਦੀਆਂ ਪਾਲਸੀਆਂ ਅਤੇ ਅਮਲ, ਉਨ੍ਹਾਂ ਦੇ ਪਲੇਟਫਾਰਮਾਂ ਉੱਪਰ ਨਫ਼ਰਤ ਵਿਚ ਵਾਧੇ ਦੇ ਹੱਲ ਲਈ ਵਚਨਬੱਧਤਾ ਦੀ ਘਾਟ ਨੂੰ ਦਰਸਾਉਂਦੇ ਹਨ। ਬਹੁਤ ਸਾਰੀਆਂ ਕੰਪਨੀਆਂ ਇਸ ਚੀਜ਼ ਬਾਰੇ ਪਾਰਦਰਸ਼ੀ ਨਹੀਂ ਹਨ ਕਿ ਕਿਵੇਂ ਨਫ਼ਰਤ ਉਨ੍ਹਾਂ ਦੇ ਪਲੇਟਫਾਰਮਾਂ ਉੱਪਰ ਆ ਰਹੀ ਹੈ ਜਾਂ ਉਹ ਨਫ਼ਰਤ ਦਾ ਹੱਲ ਕਿਵੇਂ ਕਰ ਰਹੇ ਹਨ, ਜੋ ਕਿ ਸਮੱਸਿਆ ਦੇ ਦਾਇਰੇ ਨੂੰ ਧੁੰਦਲਾ ਕਰ ਸਕਦਾ ਹੈ ਅਤੇ ਇਸ ਨੂੰ ਵਧਾ ਵੀ ਸਕਦਾ ਹੈ।
- ਨਫ਼ਰਤ ਕੋਈ ਨਵੀਂ ਨਹੀਂ ਹੈ। ਨਫ਼ਰਤ ਦਾ ਬੀ.ਸੀ. ਵਿਚ ਲੰਮਾ ਇਤਿਹਾਸ ਹੈ, ਜਿਸ ਦੀਆਂ ਜੜ੍ਹਾਂ ਤਾਕਤ ਅਤੇ ਕੰਟਰੋਲ ਅਤੇ ਵਿਤਕਰੇ ਅਤੇ ਜਬਰ ਦੇ ਲੰਮੇ ਸਮੇਂ ਤੋਂ ਮੌਜੂਦ ਰੂਪਾਂ ਵਿਚ ਹਨ। ਮਹਾਂਮਾਰੀ ਦੀਆਂ ਖਾਸ ਹਾਲਤਾਂ (ਜਿਸ ਵਿਚ ਇਕੱਲਤਾ, ਡਰ ਅਤੇ ਚਿੰਤਾ, ਔਨਲਾਈਨ ਜ਼ਿਆਦਾ ਸਮਾਂ ਅਤੇ ਆਰਥਿਕ ਬੋਝ ਸ਼ਾਮਲ ਹਨ) ਅਤੇ ਮਹਾਂਮਾਰੀ ਤੋਂ ਪਹਿਲਾਂ ਦੁਬਾਰਾ ਉੱਭਰੀ ਚਿੱਟੀ ਨਸਲ ਦੀ ਕੌਮਪ੍ਰਸਤੀ (ਖਾਸ ਕਰਕੇ ਯੂ.ਐੱਸ. ਅਤੇ ਦੁਨੀਆ ਭਰ ਵਿਚ ਪਾਪੂਲਿਸਟ ਲੀਡਰਾਂ ਦੇ ਉਭਾਰ ਦੇ ਸੰਦਰਭ ਵਿਚ) ਵਿਚ ਵਾਧੇ ਨੂੰ ਵੱਖ ਕਰਨਾ ਔਖਾ ਹੈ। ਨਤੀਜਾ, ਪਰ ਇੱਕੋ ਜਿਹਾ ਹੀ ਹੈ – ਬ੍ਰਿਟਿਸ਼ ਕੋਲੰਬੀਆ ਵਿਚ ਨਫ਼ਰਤੀ ਘਟਨਾਵਾਂ ਵਧ ਰਹੀਆਂ ਹਨ।

ਭਾਵੇਂ ਕਿ ਨਫ਼ਰਤ ਅਕਸਰ ਵਿਅਕਤੀਆਂ ਦੇ ਐਕਸ਼ਨਾਂ ਰਾਹੀਂ ਦਿਖਾਈ ਦਿੰਦੀ ਹੈ, ਇਹ ਜਬਰ ਦੇ ਮੌਜੂਦ ਸਿਸਟਮਾਂ ਨੂੰ ਤਕੜਾ ਕਰਦੀ ਹੈ। ਪਰ, ਸਾਰੇ ਵਿਤਕਰੇ ਅਤੇ ਨਾਬਰਾਬਰਤਾ ਦਾ ਨਤੀਜਾ ਨਫ਼ਰਤੀ ਭਾਸ਼ਾ ਅਤੇ ਹਿੰਸਾ ਵਿਚ ਨਹੀਂ ਨਿਕਲਦਾ। ਖਾਸ ਕਰਕੇ, ਮਹਾਂਮਾਰੀ ਵਿਚ ਨਫ਼ਰਤ ਦੇ ਸੰਬੰਧ ਵਿਚ, ਮਨੋਵਿਗਿਆਨਕ ਖੋਜ ਇਸ ਖਿਆਲ ਦਾ ਸਮਰਥਨ ਕਰਦੀ ਹੈ ਕਿ ਬੀਮਾਰੀ ਦੇ ਖਤਰੇ ਦੀ ਧਾਰਨਾ ਵਿਲੱਖਣ ਤੌਰ `ਤੇ ਅਤੇ ਸ਼ਕਤੀਸ਼ਾਲੀ ਤਰੀਕੇ ਨਾਲ ਦੂਜੇ ਦੇਸ਼ਾਂ ਦੇ ਲੋਕਾਂ ਪ੍ਰਤੀ ਘਿਰਣਾ ਅਤੇ ਵਿਤਕਰੇ ਦੇ ਹੋਰ ਰੂਪਾਂ ਨਾਲ ਜੁੜੀ ਹੋਈ ਹੋ ਸਕਦੀ ਹੈ।[1] ਪਿਛਲੀਆਂ ਮਹਾਂਮਾਰੀਆਂ ਨੇ ਨਫ਼ਰਤ ਦੀਆਂ ਘਟਨਾਵਾਂ ਵਿਚ ਇਸੇ ਤਰ੍ਹਾਂ ਦੇ ਵਾਧੇ ਦੇਖੇ ਹਨ। ਇਸ ਨਾਲ ਜੁੜੇ ਹੋਰ ਪੱਖਾਂ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਨਫ਼ਰਤ ਵਿਚ ਵਾਧੇ ਵਿਚ ਯੋਗਦਾਨ ਪਾਇਆ, ਉਨ੍ਹਾਂ ਵਿਚ ਦੋਸ਼ ਲਾਉਣ ਦੇ ਵਿਸ਼ਵ ਵਿਆਪੀ ਅਤੇ ਲੋਕਲ ਅਮਲ, ਜਨਤਕ ਸਿਹਤ ਦੇ ਉਪਾਵਾਂ ਵਿਰੁੱਧ ਲਾਮਬੰਦੀ, ਸਮਾਜਿਕ ਫਾਸਲਾ ਅਤੇ ਅਲਹਿਦਗੀ, ਸ਼ਰਾਬ ਅਤੇ ਮਾਨਸਿਕ ਸਿਹਤ ਦੀਆਂ ਚੁਣੌਤੀਆਂ, ਭਾਈਚਾਰੇ ਅਤੇ ਸੰਬੰਧ ਰੱਖਦੇ ਹੋਣ ਦੀ ਭਾਵਨਾ ਦੀ ਅਣਹੋਂਦ, ਨਫ਼ਰਤ ਦਾ ਸਾਧਾਰਨੀਕਰਨ ਅਤੇ ਗਲਤ ਜਾਣਕਾਰੀ ਦਾ ਫੈਲਾਅ, ਗਲਤ ਜਾਣਕਾਰੀ ਅਤੇ ਸਾਜਸ਼ਾਂ ਦੀਆਂ ਥਿਊਰੀਆਂ, ਅਤੇ ਸੱਜੇ ਪੱਖੀ ਤਾਕਤਾਂ ਤੋਂ ਅਤੇ ਵਿਚਾਰਧਾਰਕ ਤੌਰ `ਤੇ ਪ੍ਰੇਰਿਤ ਹਿੰਸਕ ਅੱਤਵਾਦ ਸ਼ਾਮਲ ਹਨ।

- **ਸੂਬੇ ਭਰ ਵਿਚ ਵੱਖ ਵੱਖ ਖੇਤਰਾਂ ਅਤੇ ਮਾਹੌਲਾਂ ਵਿਚ ਵਾਪਰਨ ਵਾਲੀਆਂ ਨਫ਼ਰਤੀ ਘਟਨਾਵਾਂ ਬਾਰੇ ਡੈਟਾ ਦੀ ਘਾਟ ਐਕਸ਼ਨ ਲੈਣ ਵਿਚ ਰੁਕਾਵਟ ਪਾਉਂਦੀ ਹੈ।** ਕਮਿਸ਼ਨਰ ਨੇ ਇਨਕੁਆਰੀ ਲਈ ਨਫ਼ਰਤੀ ਘਟਨਾਵਾਂ ਬਾਰੇ ਵਿਆਪਕ ਡੈਟਾ ਮੰਗਿਆ। ਕਮਿਸ਼ਨਰ ਨੂੰ ਇਹ ਪਤਾ ਲੱਗਾ ਕਿ ਬਹੁਤੀਆਂ ਜਨਤਕ ਸੰਸਥਾਵਾਂ ਨਫ਼ਰਤੀ ਘਟਨਾਵਾਂ ਬਾਰੇ ਡੈਟਾ ਇਕੱਠਾ ਨਹੀਂ ਕਰਦੀਆਂ। ਕਮਿਸ਼ਨਰ ਨੂੰ ਇਹ ਵੀ ਪਤਾ ਲੱਗਾ ਕਿ ਪੁਲੀਸ, ਪੈਰਵੀ ਲਈ ਮੁਕੱਦਮਿਆਂ ਅਤੇ ਕੋਰਟ ਦੇ ਡੈਟਾ ਦੀ ਕੁਆਲਟੀ ਦੇ ਮਸਲੇ ਹਨ ਜਾਂ ਸੀਮਾਵਾਂ ਹਨ (ਇਸ ਚੀਜ਼ ਸਮੇਤ ਕਿ ਇਸ ਚੀਜ਼ ਦਾ ਕੋਈ ਰਿਕਾਰਡ ਨਹੀਂ ਕਿ ਕਦੋਂ ਨਫ਼ਰਤ ਨੂੰ ਸਜ਼ਾ ਦੇਣ ਵਿਚ ਸੰਗੀਨ ਪੱਖ ਸਮਝਿਆ ਜਾਂਦਾ ਹੈ)। ਇਸ ਤੋਂ ਅੱਗੇ, ਸੋਸ਼ਲ ਮੀਡੀਆ ਕੰਪਨੀਆਂ, ਮਹਾਂਮਾਰੀ ਦੌਰਾਨ ਬੀ.ਸੀ. ਜਾਂ ਕੈਨੇਡਾ ਵਿਚ ਆਪਣੇ ਪਲੇਟਫਾਰਮਾਂ ਉੱਪਰਲੀ ਨਫ਼ਰਤ ਬਾਰੇ ਡੈਟਾ ਕਮਿਸ਼ਨਰ ਨੂੰ ਦੇਣ ਦੇ ਅਯੋਗ ਸਨ ਜਾਂ ਖਾਹਸ਼ਮੰਦ ਨਹੀਂ ਸਨ।
- **ਨਫ਼ਰਤ ਪ੍ਰਤੀ ਕਾਨੂੰਨੀ ਕਾਰਵਾਈਆਂ ਵੱਡੇ ਪੱਧਰ `ਤੇ  ਬੇਅਸਰ ਰਹੀਆਂ ਹਨ।** ਰਿਪੋਰਟਿੰਗ ਦੀਆਂ ਸਮੱਸਿਆਵਾਂ (ਪੁਲੀਸ ਵਲੋਂ ਕਾਰਵਾਈ ਵਿਚ ਸੇਫਟੀ ਦੀ ਘਾਟ, ਕਮਿਊਨਟੀ ਰਿਪੋਰਟਿੰਗ ਅਤੇ ਰਿਪੋਰਟਾਂ ਨਾਲ ਕੀ ਵਾਪਰਦਾ ਹੈ, ਉਸ ਲਈ ਜਵਾਬਦੇਹੀ ਵਿਚਕਾਰ ਤਾਲਮੇਲ ਦੀ ਘਾਟ) ਕਰਕੇ, ਪੁਲੀਸ ਅਤੇ ਕਰਾਊਨ ਵਲੋਂ ਚਾਰਜ ਲਗਾਉਣ ਦੀ ਸਿਫਾਰਸ਼ ਕਰਨ ਜਾਂ ਪੈਰਵੀ ਕਰਨ ਪ੍ਰਤੀ ਰੂੜ੍ਹੀਵਾਦੀ ਪਹੁੰਚ (ਜਿਸ ਦਾ ਨਤੀਜਾ ਕਮਿਊਨਟੀ ਤੋਂ ਨਫ਼ਰਤ ਦੀਆਂ ਆ ਰਹੀਆਂ ਰਿਪੋਰਟਾਂ ਦੇ ਮੁਕਾਬਲੇ ਬਹੁਤ ਥੋੜ੍ਹੇ ਮੁਕੱਦਮਿਆਂ ਵਿਚ ਨਿਕਲਦਾ ਹੈ) ਕਰਕੇ, ਸਿਵਲ ਜਸਟਿਸ ਸਿਸਟਮ ਦੀ ਅਪਹੁੰਚਤਾ, ਸਮਾਜਿਕ ਹੱਲ ਦੇ ਤਰੀਕਿਆਂ ਦੇ ਗਿਆਨ ਦੀ ਘਾਟ ਅਤੇ ਹਿਊਮਨ ਰਾਈਟਸ ਟ੍ਰਿਬਿਊਨਲ ਵਿਖੇ ਗੰਭੀਰ ਦੇਰੀਆਂ ਕਰਕੇ ਨਫ਼ਰਤ ਪ੍ਰਤੀ ਕਾਨੂੰਨੀ ਕਾਰਵਾਈਆਂ ਸਮੱਸਿਆ ਦਾ ਹੱਲ ਕਰਨ ਲਈ (ਜਿਸ ਵਿਚ ਕ੍ਰਿਮੀਨਲ, ਸਿਵਲ ਅਤੇ ਪ੍ਰਬੰਧਕੀ ਕਾਨੂੰਨਾਂ ਦੇ ਉਪਰਾਲੇ ਸ਼ਾਮਲ ਹਨ) ਵੱਡੇ ਪੱਧਰ `ਤੇ ਬੇਅਸਰ ਰਹੀਆਂ ਹਨ।

[1] Mark Schaller, Damian R. Murray, and Marlise K. Hofer, "The Behavioural Immune System and Pandemic Psychology: The Evolved Psychology of Disease-Avoidance and its Implications for Attitudes, Behaviour, and Public Health during Epidemic Outbreaks," *European Review of Social Psychology*, November 2, 2021, 1–37.

- **ਨਫ਼ਰਤ ਪ੍ਰਤੀ ਸਰਕਾਰੀ ਕਾਰਵਾਈਆਂ ਵੱਡੇ ਪੱਧਰ `ਤੇ ਬੇਅਸਰ ਰਹੀਆਂ ਹਨ।** ਸਰਕਾਰੀ ਸੰਸਥਾਵਾਂ ਵਿਚ ਢੁਕਵੀਂਆਂ ਪਾਲਸੀਆਂ ਦੀ ਕਮੀ, ਡੈਟਾ ਦੀ ਅਣਹੋਂਦ, ਉਨ੍ਹਾਂ ਕਮਿਊਨਟੀ ਸੰਸਥਾਵਾਂ ਲਈ ਘੱਟ ਫੰਡ ਜਿਹੜੀਆਂ ਆਪਣੇ ਇਲਾਕਿਆਂ ਵਿਚ ਨਫ਼ਰਤ ਦਾ ਹੱਲ ਕਰਨ ਲਈ ਚੰਗੀ ਹਾਲਤ ਵਿਚ ਹਨ ਅਤੇ ਐਮਰਜੰਸੀ ਪ੍ਰਬੰਧ ਲਈ ਮਨੁੱਖੀ ਹੱਕਾਂ `ਤੇ ਆਧਾਰਿਤ ਪਹੁੰਚ ਲਾਗੂ ਕਰਨ ਵਿਚ ਫੇਲ੍ਹ ਹੋਣ ਕਰਕੇ ਨਫ਼ਰਤ ਪ੍ਰਤੀ ਸਰਕਾਰੀ ਕਾਰਵਾਈਆਂ ਸਮੱਸਿਆ ਦਾ ਹੱਲ ਕਰਨ ਲਈ ਵੱਡੇ ਪੱਧਰ `ਤੇ ਬੇਅਸਰ ਰਹੀਆਂ ਹਨ।
- **ਨਫ਼ਰਤ ਪ੍ਰਤੀ ਕਮਿਊਨਟੀ ਦੇ ਕਾਰਵਾਈਆਂ ਅਸਰਦਾਰ ਹੋ ਸਕਦੀਆਂ ਹਨ।** ਢੁਕਵੇਂ ਫੰਡਾਂ ਅਤੇ ਕੇਂਦਰੀ ਤਾਲਮੇਲ ਨਾਲ ਨਫ਼ਰਤ ਪ੍ਰਤੀ ਕਮਿਊਨਟੀ ਦੀਆਂ ਕਾਰਵਾਈਆਂ ਅਸਰਦਾਰ ਹੋ ਸਕਦੀਆਂ ਹਨ। ਖਾਸ ਕਰਕੇ, ਕਮਿਊਨਟੀ ਸੰਸਥਾਵਾਂ ਉਨ੍ਹਾਂ ਦੀ ਮਦਦ ਕਰਨ ਲਈ ਅਸਰਦਾਰ ਸਾਬਤ ਹੋਈਆਂ ਹਨ, ਜਿਨ੍ਹਾਂ ਨੂੰ ਨਫ਼ਰਤ ਦਾ ਸਾਹਮਣਾ ਕਰਨਾ ਪਿਆ ਹੈ, ਅਤੇ ਇਸ ਦੇ ਨਾਲ ਨਫ਼ਰਤ ਕਰਨ ਦੀ ਭੁੱਲ ਕਰਨ ਵਾਲਿਆਂ ਲਈ ਬਾਹਰ ਨਿਕਲਣ ਦੇ ਤਰੀਕੇ ਪ੍ਰਦਾਨ ਕਰਨ ਲਈ ਵੀ ਅਸਰਦਾਰ ਦਿਖਾਈ ਦਿੱਤੀਆਂ ਹਨ।

## ਕਮਿਸ਼ਨਰ ਦੀਆਂ ਸਿਫਾਰਸ਼ਾਂ

ਇਸ ਰਿਪੋਰਟ ਵਿਚ ਪੇਸ਼ ਕੀਤੇ ਗਏ ਸਬੂਤਾਂ ਦੇ ਢੇਰ ਨੂੰ ਵਿਚਾਰਨ ਤੋਂ ਬਾਅਦ, ਇਹ ਨਾ ਮੰਨਣਾ ਅਸੰਭਵ ਹੈ ਕਿ ਸਾਨੂੰ ਨਿਰਣਾ ਕਰਨ ਦੀ ਲੋੜ ਹੈ। ਆਪਣੇ ਵੰਡੇ ਹੋਏ ਸਮਾਜ ਵਿਚ, ਸਾਡੇ ਲਈ ਆਪਣੀ ਹਮਦਰਦੀ ਲਈ ਫੈਸਲਾਕੁਨ ਅਤੇ ਨਫ਼ਰਤ ਪ੍ਰਤੀ ਗੈਰ-ਹਿੰਸਕ ਜਵਾਬ ਲੱਭਣ ਲਈ ਰਚਨਾਤਮਿਕ ਹੋਣਾ ਜ਼ਰੂਰੀ ਹੈ। ਕਮਿਸ਼ਨਰ ਦੀਆਂ ਸਿਫਾਰਸ਼ਾਂ ਨੂੰ ਇਨ੍ਹਾਂ ਵਿਸ਼ਿਆਂ ਮੁਤਾਬਕ ਤਿਆਰ ਕੀਤਾ ਗਿਆ ਹੈ ਜਿਹੜੇ ਇਸ ਰਿਪੋਰਟ ਵਿਚ ਪੜਤਾਲੇ ਗਏ ਵਿਆਪਕ ਸਬੂਤਾਂ ਤੋਂ ਉੱਭਰੇ ਹਨ:

- ਨਫ਼ਰਤ ਨੂੰ ਸਮਝਣਾ ਅਤੇ ਇਸ ਦੇ ਨੁਕਸਾਨਾਂ ਨੂੰ ਪ੍ਰਵਾਨ ਕਰਨਾ
- ਸੇਫਟੀ ਅਤੇ ਸੰਬੰਧ
- ਜਵਾਬਦੇਹੀ ਅਤੇ ਕੀਤੇ ਗਏ ਨੁਕਸਾਨ ਨੂੰ ਠੀਕ ਕਰਨਾ

ਇਹ ਵਿਸ਼ੇ ਇਹ ਉਜਾਗਰ ਕਰਦੇ ਹਨ ਕਿ ਹੱਲ ਇਹ ਸਮਝਣ ਵਿਚ ਹਨ ਕਿ ਸੰਕਟ ਪ੍ਰਤੀ ਸਾਡੀਆਂ ਸਮਾਜਿਕ ਕਾਰਵਾਈਆਂ ਵਿਚ ਕਿਹੜੀ ਚੀਜ਼ ਦੀ ਘਾਟ ਰਹੀ ਹੈ। ਉਦਾਹਰਣ ਲਈ, ਸਮਾਜਿਕ ਬੇਸਮਝੀ ਦਾ ਹੱਲ ਸਿੱਖਿਆ ਰਾਹੀਂ ਕੀਤਾ ਜਾਣਾ ਜ਼ਰੂਰੀ ਹੈ, ਮਾਫ਼ੀ ਜਵਾਬਦੇਹੀ ਦੇ ਜ਼ਿਆਦਾ ਮਜ਼ਬੂਤ ਤਰੀਕਿਆਂ ਰਾਹੀਂ ਮਿਲਣੀ ਜ਼ਰੂਰੀ ਹੈ, ਅਤੇ ਸਮਾਜਿਕ ਅਲਹਿਦਗੀ ਦਾ ਹੱਲ ਸੰਬੰਧ ਰੱਖਣ ਅਤੇ ਕੋਨੈਕਸ਼ਨ ਨੂੰ ਵਿਕਸਿਤ ਕਰਨ ਲਈ ਤਿਆਰ ਕੀਤੇ ਗਏ ਪ੍ਰੋਗਰਾਮਾਂ ਨਾਲ ਕੀਤਾ ਜਾਣਾ ਜ਼ਰੂਰੀ ਹੈ।

ਭਾਵੇਂ ਕਿ ਕਮਿਸ਼ਨਰ ਨੇ ਸਵੀਕਾਰ ਕੀਤਾ ਹੈ ਕਿ ਫੈਡਰਲ ਸਰਕਾਰ ਉਸ ਦੇ ਸਰਕਾਰੀ ਆਦੇਸ਼ ਤੋਂ ਬਾਹਰ ਆਉਂਦੀ ਹੈ, ਉਹ ਆਸ ਕਰਦੀ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਨੂੰ ਕੀਤੀਆਂ ਗਈਆਂ ਉਸ ਦੀਆਂ ਸਿਫਾਰਸ਼ਾਂ, ਇਨ੍ਹਾਂ ਔਨਲਾਈਨ ਐਕਟਰਾਂ ਬਾਰੇ ਕੈਨੇਡਾ ਸਰਕਾਰ ਦੇ ਨਿਯਮਾਂ ਲਈ ਜਾਣਕਾਰੀ ਸ੍ਰੋਤ ਬਣਨਗੀਆਂ। ਕਮਿਸ਼ਨਰ ਦੀਆਂ  ਸਿਫਾਰਸ਼ਾਂ ਹੇਠਾਂ ਸ਼ਾਮਲ ਕੀਤੀਆਂ ਗਈਆਂ ਹਨ। ਸਿਫਾਰਸ਼ਾਂ ਦੇ ਪੂਰੇ ਵੇਰਵੇ ਲਈ  "**Analysis and recommendations for change**" ਦੇਖੋ।

**ਹੇਠਾਂ ਸਿਫਾਰਸ਼ ਕੀਤੀਆਂ ਗਈਆਂ ਪਾਲਸੀ ਵਿਚਲੀਆਂ ਤਬਦੀਲੀਆਂ ਵਿਚ ਜਾਨ ਪਾਉਣ ਲਈ, ਕਮਿਸ਼ਨਰ ਇਹ ਸਿਫਾਰਸ਼ ਕਰਦੀ ਹੈ ਕਿ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ, ਹੇਠਲੇ ਸੰਸਥਾਈ ਸਿਸਟਮ ਬਣਾ ਕੇ ਸੰਕਟ ਦੇ ਸਮਿਆਂ ਦੌਰਾਨ ਅਤੇ ਇਸ ਤੋਂ ਅੱਗੇ ਸਾਡੇ ਭਾਈਚਾਰਿਆਂ ਵਿਚ ਨਫ਼ਰਤ ਦਾ ਹੱਲ ਕਰਨ ਲਈ ਆਪਣੀ ਵਚਨਬੱਧਤਾ ਦਾ ਸਬੂਤ ਦੇਵੇ:**

1 ਬੀ ਸੀ ਪਬਲਿਕ ਸਰਵਿਸ ਦੇ ਮੁੱਖ ਅਧਿਕਾਰੀ ਨੂੰ, ਨਫ਼ਰਤ ਤੋਂ ਰੋਕਥਾਮ ਅਤੇ ਕਾਰਵਾਈਆਂ ਦਾ ਤਾਲਮੇਲ ਅਤੇ ਅਗਵਾਈ ਕਰਨ ਲਈ ਅਸਿਸਟੈਂਟ ਡਿਪਟੀ ਮਨਿਸਟਰ ਦੇ ਜਾਂ ਇਸ ਤੋਂ ਉਪਰਲੇ ਪੱਧਰ `ਤੇ ਇਕ ਅਹੁਦਾ ਸਥਾਪਤ ਕਰਨਾ ਚਾਹੀਦਾ ਹੈ। ਇਸ ਅਹੁਦੇ ਵਿਚ ਸੂਬਾਈ ਸਰਕਾਰ ਅਤੇ ਇਸ ਨਾਲ ਸੰਬੰਧਿਤ ਜਨਤਕ ਸੰਸਥਾਵਾਂ `ਤੇ ਸੇਧਿਤ ਇਸ ਰਿਪੋਰਟ ਵਿਚ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰੀ ਸ਼ਾਮਲ ਹੋਣੀ ਚਾਹੀਦੀ ਹੈ। ਇਹ ਜ਼ਰੂਰੀ ਹੈ ਕਿ ਇਸ ਅਹੁਦੇ ਦਾ ਅਧਿਕਾਰ ਨਫ਼ਰਤ ਦੇ ਸਾਰੇ ਖੇਤਰਾਂ `ਤੇ ਲਾਗੂ ਹੋਵੇ, ਜਿਸ ਵਿਚ ਲਿੰਗ, (ਜਿਸ ਵਿਚ ਲਿੰਗ ਪਛਾਣ ਅਤੇ ਪ੍ਰਗਟਾਵਾ ਸ਼ਾਮਲ ਹਨ), ਨਸਲ, ਧਰਮ, ਪਿਛੋਕੜ, ਕਾਮੁਕ ਰੁਚੀ, ਡਿਸਏਬਿਲਟੀ, ਸਮਾਜਿਕ ਹਾਲਤ ਅਤੇ ਹੋਰਨਾਂ ਦੇ ਆਧਾਰ `ਤੇ ਨਫ਼ਰਤ ਵੀ ਸ਼ਾਮਲ ਹਨ।

2 ਪ੍ਰੀਮੀਅਰ ਅਤੇ ਮੰਤਰੀ ਮੰਡਲ ਨੂੰ ਇਸ ਰਿਪੋਰਟ ਦੀ ਜਾਣਕਾਰੀ ਅਤੇ ਕਮਿਸ਼ਨਰ ਦੀਆਂ ਸਿਫਾਰਸ਼ਾਂ ਮੁਤਾਬਕ, ਸਮੇਂ ਦੀਆਂ ਸੀਮਾਵਾਂ, ਕਰਨ ਯੋਗ ਅਤੇ ਪਾਰਦਰਸ਼ੀ ਰਿਪੋਰਟਿੰਗ ਨਾਲ, ਨਫ਼ਰਤ ਦਾ ਹੱਲ ਕਰਨ ਲਈ ਪੂਰੀ ਸਰਕਾਰੀ ਰਣਨੀਤੀ ਅਤੇ ਐਕਸ਼ਨ ਪਲੈਨ ਤਿਆਰ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ। ਰਣਨੀਤੀ ਅਤੇ ਐਕਸ਼ਨ ਪਲੈਨ ਨੂੰ ਢੁਕਵੇਂ ਫੰਡ ਮਿਲਣੇ ਜ਼ਰੂਰੀ ਹਨ ਅਤੇ ਇਸ ਵਿਚ ਇਹ ਚੀਜ਼ਾਂ ਸ਼ਾਮਲ ਹੋਣੀਆਂ ਜ਼ਰੂਰੀ ਹਨ:

- **ਏ.** ਪਲੈਨ ਤਿਆਰ ਕਰਨ ਵਿਚ ਮਦਦ ਲਈ ਨਫ਼ਰਤ ਦਾ ਸ਼ਿਕਾਰ ਹੋਏ ਲੋਕਾਂ ਦੀ ਨੁਮਾਇੰਦਗੀ ਨਾਲ ਕਮਿਊਨਟੀ ਵਿੱਚੋਂ ਸਲਾਹਕਾਰੀ ਗਰੁੱਪ ਬਣਾਉਣਾ।
- **ਬੀ.** ਨਫ਼ਰਤ ਦੀਆਂ ਘਟਨਾਵਾਂ ਬਾਰੇ ਭਰੋਸੇਯੋਗ ਡੈਟਾ ਜਾਰੀ ਕਰਨ ਲਈ ਵਚਨਬੱਧ ਹੋਣਾ, ਜੋ ਕਿ ਪੁਲੀਸ ਦੇ ਡੈਟਾਬੇਸਾਂ, ਸੋਸ਼ਲ ਮੀਡੀਆ ਦੀਆਂ ਰਿਪੋਰਟਾਂ ਅਤੇ ਕੇਂਦਰੀ ਕਮਿਊਨਟੀ ਰਿਪੋਰਟਿੰਗ ਸਿਸਟਮ `ਤੇ ਆਧਾਰਿਤ ਹੋਵੇ।
- **ਸੀ.** ਸਮੇਂ ਦੇ ਨਾਲ ਤਬਦੀਲੀ ਨੂੰ ਮਾਪਣ ਲਈ ਕਾਰਗੁਜ਼ਾਰੀ ਦੇ ਮੁੱਖ ਸੰਕੇਤਾਂ ਦੀ ਵਰਤੋਂ ਨਾਲ, ਪਲੈਨ ਹੇਠ ਹੋਈ ਤਰੱਕੀ ਬਾਰੇ ਇਕ ਸਲਾਨਾ ਪਬਲਿਕ ਰਿਪੋਰਟ ਜਾਰੀ ਕਰਨਾ।
- **ਡੀ.** ਇਸ ਰਣਨੀਤੀ ਨੂੰ ਲਾਗੂ ਕਰਨ ਦੀ ਆਜ਼ਾਦ ਨਿਗਰਾਨੀ ਕਰਨ ਵਾਸਤੇ ਹਿਊਮਨ ਰਾਈਟਸ ਕਮਿਸ਼ਨਰ ਨੂੰ ਵਿਧਾਨਕ ਆਦੇਸ਼ ਦੇਣ ਲਈ ਬੀ.ਸੀ. ਦੇ *ਹਿਊਮਨ ਰਾਈਟਸ ਕੋਡ* (ਐੱਸ. 47.12) ਵਿਚ ਵਿਧਾਨ ਸਭਾ ਵਲੋਂ ਗੌਰ ਕੀਤੇ ਜਾਣ ਲਈ ਸੋਧ ਬਾਰੇ ਤਜਵੀਜ਼ ਪੇਸ਼ ਕਰਨਾ।

## ਨਫ਼ਰਤ ਨੂੰ ਸਮਝਣ ਅਤੇ ਇਸ ਦੇ ਨੁਕਸਾਨਾਂ ਨੂੰ ਸਵੀਕਾਰ ਕਰਨ ਬਾਰੇ ਸਿਫਾਰਸ਼ਾਂ:

3 ਸਾਡੇ ਭਾਈਚਾਰਿਆਂ ਅਤੇ ਸਾਡੇ ਸੂਬੇ ਨੂੰ ਬਣਾਉਣ ਵਾਲਿਆਂ ਵਜੋਂ ਸਾਡੇ ਸਾਰਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਭਾਈਚਾਰਿਆਂ ਵਿਚ ਨਫ਼ਰਤ ਨੂੰ ਸਮਝੀਏ ਅਤੇ ਇਸ ਦਾ ਮੁਕਾਬਲਾ ਕਰੀਏ। ਅਸੀਂ ਨਫ਼ਰਤ ਦੇ ਸਾਹਮਣੇ ਬੇਵੱਸ ਨਹੀਂ ਹਾਂ। ਸਾਡੀ ਸਾਰਿਆਂ ਦੀ ਆਪਣੇ ਆਪ ਨੂੰ ਸਿਖਿਅਤ ਕਰਨ ਦੀ ਜ਼ਿੰਮੇਵਾਰੀ ਹੈ, ਜਿਸ ਵਿਚ ਉਨ੍ਹਾਂ ਲੋਕਾਂ ਦੇ ਅਨੁਭਵਾਂ ਵੱਲ ਧਿਆਨ ਕੇਂਦਰਿਤ ਕਰਕੇ ਇਸ ਰਿਪੋਰਟ ਦੀ ਪੜਚੋਲ ਕਰਨਾ ਵੀ ਸ਼ਾਮਲ ਹੈ ਜਿਹੜੇ ਨਫ਼ਰਤ ਦਾ ਸ਼ਿਕਾਰ ਹੋਏ ਹਨ। ਸਾਡੇ ਲਈ, ਇਕ ਦੂਜੇ ਨਾਲ ਆਦਰ ਅਤੇ ਸਨਮਾਨ ਨਾਲ ਵਰਤਾਉ ਕਰਨ ਅਤੇ ਆਪਣੇ ਭਾਈਚਾਰਿਆਂ ਅਤੇ

ਆਪਣੀਆਂ ਪਬਲਿਕ ਸੰਸਥਾਵਾਂ ਵਿਚ ਜੁੜੇ ਹੋਣ ਅਤੇ ਪ੍ਰਵਾਨਗੀ ਦੀ ਭਾਵਨਾ ਪੈਦਾ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਜ਼ਰੂਰੀ ਹੈ। ਇਸ ਮਹੱਤਵਪੂਰਨ ਟੀਚੇ ਦੀ ਹਿਮਾਇਤ ਲਈ, ਬੀ ਸੀ ਓ ਐੱਚ ਆਰ ਸੀ, ਨਫ਼ਰਤ ਦਾ ਹੱਲ ਕਰਨ ਵੱਲ ਸੇਧਿਤ ਸਿਖਿਆ ਦੇ ਉੱਦਮ ਤਿਆਰ ਕਰਨਾ ਜਾਰੀ ਰੱਖੇਗਾ।

4 ਮਨਿਸਟਰੀ ਔਫ ਐਜੂਕੇਸ਼ਨ ਐਂਡ ਚਾਇਲਡ ਕੇਅਰ ਨੂੰ ਕੇ-12 ਸਿਸਟਮ ਵਿਚ ਨਫ਼ਰਤੀ ਵਿਰੋਧੀ ਪਾਠਕ੍ਰਮ ਮਹੱਤਵਪੂਰਨ ਰੂਪ ਵਿਚ ਵਧਾਉਣਾ ਚਾਹੀਦਾ ਹੈ ਤਾਂ ਜੋ ਸਾਰੇ ਵਿਦਿਆਰਥੀ, ਨਫ਼ਰਤ ਅਤੇ ਅੱਤਵਾਦ ਦੀ ਪਛਾਣ ਅਤੇ ਮੁਕਾਬਲਾ ਕਰਨ ਲਈ ਲੋੜੀਂਦਾ ਗਿਆਨ, ਹੁਨਰ ਅਤੇ ਵਤੀਰੇ ਵਿਕਸਤ ਕਰਨ। ਮਨਿਸਟਰੀ ਨੂੰ ਇਹ ਕਰਨਾ ਚਾਹੀਦਾ ਹੈ:

**ਏ.** ਸਿੱਧੇ ਤੌਰ `ਤੇ ਪਾਠਕ੍ਰਮ ਵਿਚ ਨਫ਼ਰਤ ਵਿਰੋਧੀ ਪੜ੍ਹਾਈ ਨੂੰ ਘੱਟੋ ਘੱਟ ਇਕ "ਵੱਡੇ ਖਿਆਲ" ਵਿਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਪਾਠਕ੍ਰਮ ਨਾਲ ਸੰਬੰਧਿਤ ਯੋਗਤਾਵਾਂ, ਵਿਸ਼ਿਆਂ ਅਤੇ ਸਹਾਇਕ ਸਾਮੱਗਰੀਆਂ ਰਾਹੀਂ ਇਸ ਦੀ ਹਿਮਾਇਤ ਕਰਨੀ ਚਾਹੀਦੀ ਹੈ।

**ਬੀ.** ਮਨਿਸਟਰੀ ਦੇ ਡਿਜੀਟਲ ਲਿਟਰੇਸੀ ਫਰੇਮਵਰਕ ਵਿਚ ਨਫ਼ਰਤ, ਗਲਤ ਜਾਣਕਾਰੀ ਅਤੇ ਜਾਣ ਬੁੱਝ ਕੇ ਦਿੱਤੀ ਜਾਣ ਵਾਲੀ ਗਲਤ ਜਾਣਕਾਰੀ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

**ਸੀ.** ਪਾਠਕ੍ਰਮ ਵਿਚ ਆਦਿਵਾਸੀ ਲੋਕਾਂ, ਕਾਲੇ ਲੋਕਾਂ ਅਤੇ ਹੋਰ ਘੱਟ ਗਿਣਤੀ ਲੋਕਾਂ, ਔਰਤਾਂ, ਐੱਲ ਜੀ ਬੀ ਟੀ ਕਿਊ 2 ਐੱਸ ਏ ਆਈ + ਲੋਕਾਂ, ਡਿਸਏਬਿਲਟੀਜ਼ ਵਾਲੇ ਲੋਕਾਂ ਅਤੇ ਹਾਸ਼ੀਏ ਉਪਰਲੇ ਹੋਰ ਭਾਈਚਾਰਿਆਂ ਦੇ ਇਤਿਹਾਸ ਅਤੇ ਯੋਗਦਾਨਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

5 ਪਬਲਿਕ ਸੇਫਟੀ ਅਤੇ ਦੇ ਮੰਤਰੀ ਅਤੇ ਸੋਲਿਸਟਰ ਜਨਰਲ ਨੂੰ, ਅਟਾਰਨੀ ਜਨਰਲ ਦੀ ਮਦਦ ਨਾਲ, ਨਫ਼ਰਤ ਦੀਆਂ ਘਟਨਾਵਾਂ ਲਈ ਨਾਗਰਿਕ – ਜਾਂ ਕਮਿਊਨਟੀ ਦੀ ਅਗਵਾਈ ਵਾਲਾ ਸੂਬੇ ਭਰ ਲਈ ਕੇਂਦਰੀ ਰਿਪੋਰਟਿੰਗ ਸਿਸਟਮ ਤਿਆਰ ਕਰਨਾ ਚਾਹੀਦਾ ਹੈ, ਇਸ ਨੂੰ ਢੁਕਵੇਂ ਫੰਡ ਦੇਣੇ ਚਾਹੀਦੇ ਹਨ ਅਤੇ ਇਸ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ, ਜਿਹੜਾ ਇਹ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ:

**ਏ.** ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਨੂੰ ਮਾਨਸਿਕ-ਸਮਾਜਿਕ ਮਦਦ ਪ੍ਰਦਾਨ ਕਰਨ ਲਈ। ਸਪਸ਼ਟਤਾ ਲਈ, ਰਿਪੋਰਟਿੰਗ ਦੇ ਇਸ ਸਿਸਟਮ ਵਿਚ ਇਕ ਮਜ਼ਬੂਤ ਅਤੇ ਪਹੁੰਚਯੋਗ ਐਡਵੋਕੇਟ ਅਤੇ ਕੌਂਸਲਰ ਨੈੱਟਵਰਕ ਲਈ ਫੰਡ ਸ਼ਾਮਲ ਹੋਣੇ ਜ਼ਰੂਰੀ ਹਨ ਤਾਂ ਜੋ ਨਫ਼ਰਤ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਵਾਲੇ ਲੋਕਾਂ ਦੀ ਲੋੜੀਂਦੀ ਮਦਦ ਕਰਨ ਲਈ ਉਨ੍ਹਾਂ ਨੂੰ ਫੌਰਨ ਜੋੜਿਆ ਜਾ ਸਕੇ, ਜਿਸ ਵਿਚ ਮਾਨਸਿਕ ਸਿਹਤ ਦੀਆਂ ਮਦਦਾਂ ਵੀ ਸ਼ਾਮਲ ਹਨ।

**ਬੀ.** ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਦੀ ਕਾਨੂੰਨੀ ਸਿਸਟਮ ਦਾ ਪਤਾ ਲਾਉਣ ਵਿਚ ਮਦਦ ਕਰਨ ਲਈ, ਜਿਸ ਵਿਚ ਮਨੁੱਖੀ ਹੱਕਾਂ ਦੀਆਂ ਸ਼ਿਕਾਇਤਾਂ, ਪੁਲੀਸ ਰਿਪਰੋਟਾਂ ਅਤੇ ਨਿਆਂਇਕ ਸਿਸਟਮ ਦੇ ਠੀਕ ਕਰਨ ਵਾਲੇ ਤਰੀਕੇ ਵੀ ਸ਼ਾਮਲ ਹਨ।

**ਸੀ.** ਭਰੋਸੇਯੋਗ ਅਤੇ ਪਹੁੰਚਯੋਗ ਵੱਖੋ ਵੱਖਰਾ ਡੈਟਾ ਇਕੱਠਾ ਕਰਨ ਲਈ, ਰੁਝਾਨਾਂ ਲਈ ਡੈਟੇ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਮਨਿਸਟਰੀ ਨੂੰ ਉਨ੍ਹਾਂ ਕਦਮਾਂ ਦੀ ਸਿਫਾਰਸ਼ ਕਰਨ ਲਈ ਜਿਹੜੇ ਇਨ੍ਹਾਂ ਰੁਝਾਨਾਂ ਦਾ ਹੱਲ ਕਰਨ ਲਈ ਚੁੱਕੇ ਜਾਣੇ ਚਾਹੀਦੇ ਹਨ।

**ਡੀ.** ਸਕੂਲਾਂ ਅਤੇ ਜਵਾਨਾਂ ਲਈ ਬਣੀਆਂ ਹੋਰ ਸੰਸਥਾਵਾਂ ਵਿਚ ਜਵਾਨ ਲੋਕਾਂ ਦੀਆਂ ਲੋੜਾਂ ਅਤੇ ਨਫ਼ਰਤ ਦੇ ਉਨ੍ਹਾਂ ਦੇ ਅਨੁਭਵਾਂ ਦਾ ਪਤਾ ਲਾਉਣ ਲਈ।

ਰਿਪੋਰਟਿੰਗ ਦਾ ਇਹ ਸਿਸਟਮ ਬਹੁ-ਭਾਸ਼ਾਈ ਹੋਣਾ ਚਾਹੀਦਾ ਹੈ, ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਪਹੁੰਚਯੋਗ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਰਿਪੋਰਟਿੰਗ ਦੇ ਵੱਖ ਵੱਖ ਪਲੇਟਫਾਰਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਵੇਂ ਕਿ ਔਨਲਾਈਨ ਅਤੇ ਫੋਨ, ਟੈਕਸਟ ਅਤੇ ਈਮੇਲ ਰਾਹੀਂ। ਰਿਪੋਰਟਿੰਗ ਸਿਸਟਮ ਰਾਹੀਂ ਉਪਲਬਧ ਮਦਦਾਂ, ਸ਼ਹਿਰੀ, ਪੇਂਡੂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਪਹੁੰਚਯੋਗ ਹੋਣੀਆਂ ਜ਼ਰੂਰੀ ਹਨ। ਜਨਤਕ ਅਰੇ ਪ੍ਰਾਈਵੇਟ ਖੇਤਰ ਵਿਚਲੀਆਂ ਮੂਹਰੇ ਹੋ ਕੇ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਲਈ, ਰਿਪੋਰਟਿੰਗ ਸਿਸਟਮ ਤੱਕ ਪਹੁੰਚ ਕਰਨ ਬਾਰੇ ਜਾਣਕਾਰੀ ਅਤੇ ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਲਈ ਮਦਦਾਂ ਬਾਰੇ ਜਾਣਕਾਰੀ ਇਸ ਤਰੀਕੇ ਨਾਲ ਪੋਸਟ ਕਰਨੀ ਜ਼ਰੂਰੀ ਹੈ ਕਿ ਉਹ ਸਾਰੇ ਮੁਲਾਜ਼ਮਾਂ ਅਤੇ ਉਨ੍ਹਾਂ ਲੋਕਾਂ ਨੂੰ ਦਿਖਾਈ ਦਿੰਦੇ ਹੋਵੇ ਜਿਨ੍ਹਾਂ ਨੂੰ ਉਹ ਸੇਵਾਵਾਂ ਦਿੰਦੇ ਹਨ।

**6** ਬੀ.ਸੀ. ਵਿਚਲੀਆਂ ਸਾਰੀਆਂ ਪੁਲੀਸ ਸੇਵਾਵਾਂ ਨੂੰ, ਜਿਸ ਵਿਚ ਮਿਊਨਿਸਪਲ ਡਿਪਾਰਟਮੈਂਟ ਅਤੇ ਆਰ ਸੀ ਐੱਮ ਪੀ (ਕਿਉਂਕਿ ਇਹ ਸੂਬੇ ਨਾਲ ਕੌਂਟਰੈਕਟ ਹੇਠ ਕੰਮ ਕਰਦੀ ਹੈ) ਦੋਨੋਂ ਸ਼ਾਮਲ ਹਨ, ਆਪਣੇ ਅੰਦਰੂਨੀ ਫੰਡ, ਨਫ਼ਰਤੀ ਜੁਰਮਾਂ `ਤੇ ਕਾਰਵਾਈ, ਪੜਤਾਲ ਅਤੇ ਚਾਰਜਾਂ ਦੀ ਸਿਫਾਰਸ਼ ਕਰਨ ਦੇ ਸੰਬੰਧ ਵਿਚ ਨਵੇਂ ਪੁਲੀਸ ਅਫਸਰਾਂ ਨੂੰ ਵਾਧੂ ਅਤੇ ਜ਼ਰੂਰੀ ਟਰੇਨਿੰਗ ਦੇਣ ਅਤੇ ਜਾਰੀ ਰਹਿਣ ਵਾਲੀ ਪ੍ਰੋਫੈਸ਼ਨਲ ਡਿਵੈਲਪਮੈਂਟ ਵੱਲ ਸੇਧਿਤ ਕਰਨੇ ਚਾਹੀਦੇ ਹਨ। ਟਰੇਨਿੰਗ ਨੂੰ ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੋਲਿਸਟਰ ਜਨਰਲ ਵਲੋਂ ਤਿਆਰ ਕੀਤੇ ਗਏ ਮਿਆਰੀ ਮਾਪਦੰਡਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਸ ਦਾ ਉਦੇਸ਼ ਇਸ ਖੇਤਰ ਵਿਚ ਅਫਸਰ ਦੀ ਨੌਂਨ-ਸਪੈਸ਼ਲਾਈਜ਼ਡ ਟਰੇਨਿੰਗ ਵਿਚ ਵਾਧਾ ਕਰਨਾ ਹੋਣਾ ਚਾਹੀਦਾ ਹੈ, ਜਿਸ ਵਿਚ ਇਹ ਟਰੇਨਿੰਗ ਵੀ ਸ਼ਾਮਲ ਹੈ ਕਿ ਨਫ਼ਰਤੀ ਘਟਨਾਵਾਂ ਦੀ ਪਛਾਣ ਕਿਵੇਂ ਕਰਨੀ ਹੈ ਅਤੇ ਕਦੋਂ ਲਿੰਗ-ਆਧਾਰਿਤ ਹਿੰਸਾ ਦੀ ਨਫ਼ਰਤ ਨਾਲ ਸੰਬੰਧਿਤ ਚਾਰਜ ਵਜੋਂ ਪੈਰਵੀ ਕਰਨੀ ਚਾਹੀਦੀ ਹੈ।

## ਸੇਫਟੀ ਅਤੇ ਸੰਬੰਧ ਉਸਾਰਨ ਲਈ ਸਿਫਾਰਸ਼ਾਂ:

**7** ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੋਲਿਸਟਰ ਜਨਰਲ ਨੂੰ, ਅਟਾਰਨੀ ਜਨਰਲ ਦੀ ਮਦਦ ਨਾਲ, ਨਫ਼ਰਤ ਨਾਲ ਨਜਿੱਠਣ ਲਈ ਕਮਿਊਨਟੀ ਵਿਚ ਠੀਕ ਅਤੇ ਰਾਜ਼ੀ ਕਰਨ ਵਾਲੇ ਪ੍ਰੋਗਰਾਮ ਤਿਆਰ ਕਰਨ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਇਸ ਲਈ ਫੰਡ ਦੇਣੇ ਚਾਹੀਦੇ ਹਨ। ਨਿਆਂਇਕ ਸਿਸਟਮ ਦੇ ਠੀਕ ਕਰਨ ਵਾਲੇ ਪ੍ਰੋਗਰਾਮ ਨਫ਼ਰਤ ਤੋਂ ਰੋਕਥਾਮ ਕਰਨ ਅਤੇ ਨਫ਼ਰਤ ਦੀ ਘਟਨਾ ਵਾਪਰਨ ਤੋਂ ਬਾਅਦ ਇਸ ਦਾ ਹੱਲ ਕੱਢਣ ਲਈ ਤਿਆਰ ਕੀਤੇ ਜਾਣੇ ਚਾਹੀਦੇ ਹਨ, ਅਤੇ ਇਸ ਵਿਚ ਮਾਨਸਿਕ ਸਿਹਤ ਦੀਆਂ ਤਕੜੀਆਂ ਮਦਦਾਂ ਸ਼ਾਮਲ ਹੋਣੀਆਂ ਜ਼ਰੂਰੀ ਹਨ ਜਿਹੜੀਆਂ ਉਨ੍ਹਾਂ ਲੋਕਾਂ ਵਲੋਂ ਦਿੱਤੀਆਂ ਜਾਣ ਜਿਨ੍ਹਾਂ ਕੋਲ ਨਫ਼ਰਤ ਨਾਲ ਨਜਿੱਠਣ ਦੀ ਮੁਹਾਰਤ ਹੈ।

ਨਿਆਂਇਕ ਸਿਸਟਮ ਦੀਆਂ ਠੀਕ ਕਰਨ ਵਾਲੀਆਂ ਪਹੁੰਚਾਂ ਵਿਚ ਆਦਿਵਾਸੀ ਲੋਕਾਂ ਅਤੇ ਆਦਿਵਾਸੀ ਲੋਕਾਂ ਦੀਆਂ ਕਾਨੂੰਨੀ ਰਵਾਇਤਾਂ ਤੋਂ ਜਾਣਕਾਰੀ ਲਈ ਜਾਣੀ ਚਾਹੀਦੀ ਹੈ। ਠੀਕ ਕਰਨ ਦੇ ਤਰੀਕਿਆਂ ਵਿਚ ਜਿਵੇਂ ਢੁਕਵਾਂ ਹੋਵੇ, ਬਹੁ-ਧਰਮਾਂ ਅਤੇ ਬਹੁ-ਸਭਿਆਚਾਰਾਂ ਵਾਲੇ ਭਾਈਚਾਰਿਆਂ ਅਤੇ ਲੀਡਰਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਸੇਵਾਵਾਂ, ਸ਼ਹਿਰੀ, ਪੇਂਡੂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਪਹੁੰਚਯੋਗ ਹੋਣੀਆਂ ਜ਼ਰੂਰੀ ਹਨ। ਠੀਕ ਕਰਨ ਵਾਲੀ ਪਹੁੰਚ ਦੇ ਸੰਭਵ ਖਤਰਿਆਂ ਕਾਰਨ (ਜਿਵੇਂ ਰਿਪੋਰਟ ਵਿਚ ਵੇਰਵਾ ਦਿੱਤਾ ਗਿਆ ਹੈ), ਪ੍ਰੋਗਰਾਮ ਦਾ ਨੇਮ ਨਾਲ ਮੁੱਲਾਂਕਣ ਅਤੇ ਕਾਰਗਰਤਾ ਬਾਰੇ ਲੋਕਾਂ ਨੂੰ ਰਿਪੋਰਟ ਦੇਣ ਨੂੰ ਸ਼ਾਮਲ ਕੀਤਾ ਜਾਣਾ ਜ਼ਰੂਰੀ ਹੈ। ਪ੍ਰੋਗਰਾਮਾਂ ਨੂੰ ਇਨ੍ਹਾਂ ਦੋਨਾਂ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ:

**ਏ.** ਨਫ਼ਰਤ ਫੈਲਾਉਣ ਵਾਲਿਆਂ ਅਤੇ ਨਫ਼ਰਤ ਨੂੰ ਅੰਜਾਮ ਦੇਣ ਦੇ ਖਤਰੇ ਵਾਲੇ ਲੋਕਾਂ ਨੂੰ ਨਫ਼ਰਤੀ ਵਿਚਾਰਾਂ ਅਤੇ ਗਰੁੱਪਾਂ ਤੋਂ ਦੂਰ ਕਰਨ ਲਈ, ਸੰਬੰਧ ਰੱਖਦੇ ਹੋਣ ਅਤੇ ਭਾਈਚਾਰੇ ਦੀ ਭਾਵਨਾ ਉਸਾਰਨ ਵੱਲ ਧਿਆਨ ਦੇ ਕੇ। ਬੀਤੇ ਸਮੇਂ ਵਿਚ ਨਫ਼ਰਤ ਕਰਨ ਦੀ ਗਲਤੀ ਕਰਨ ਵਾਲਿਆਂ ਨੂੰ ਨਿਆਂਇਕ ਸਿਸਟਮ ਦੇ ਠੀਕ ਕਰਨ ਵਾਲੇ ਪ੍ਰੋਗਰਾਮ ਤਿਆਰ ਕਰਨ ਵਿਚ ਮਦਦ ਕਰਨੀ ਚਾਹੀਦੀ ਹੈ ਜਿਹੜੇ ਕਿ ਨਫ਼ਰਤ ਫੈਲਾਉਣ ਵਾਲਿਆਂ ਜਾਂ ਸੰਭਾਵੀ ਨਫਰਤ ਫੈਲਾਉਣ ਵਾਲਿਆਂ ਵੱਲ ਸੇਧਿਤ ਹੋਣੇ ਚਾਹੀਦੇ ਹਨ ਅਤੇ ਇਹ ਪ੍ਰੋਗਰਾਮ ਉਨ੍ਹਾਂ ਲੋਕਾਂ ਲਈ ਉਪਲਬਧ ਹੋਣੇ ਚਾਹੀਦੇ ਹਨ ਜਿਨ੍ਹਾਂ ਦੀ *ਕ੍ਰਿਮੀਨਲ ਕੋਡ* ਹੇਠ ਪੜਤਾਲ ਹੋਈ ਹੈ, ਮੁਕੱਦਮਾ ਚੱਲਿਆ ਹੈ ਅਤੇ/ਜਾਂ ਜਿਨ੍ਹਾਂ ਨੂੰ ਸਜ਼ਾ ਹੋਈ ਹੈ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਲੋਕਾਂ ਲਈ ਵੀ ਜਿਨ੍ਹਾਂ ਵਲੋਂ ਜੁਰਮ ਕੀਤੇ ਜਾਣ ਦਾ ਖਤਰਾ ਹੈ।

**ਬੀ.** ਨਫ਼ਰਤੀ ਘਟਨਾਵਾਂ ਦਾ ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਦੀ ਮਦਦ ਕਰਨ ਲਈ। ਨਿਆਂਇਕ ਸਿਸਟਮ ਦੇ ਠੀਕ ਕਰਨ ਵਾਲੇ ਤਰੀਕਿਆਂ ਲਈ ਨਫ਼ਰਤੀ ਘਟਨਾਵਾਂ ਦਾ ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਦੇ ਦ੍ਰਿਸ਼ਟੀਕੋਣ, ਲੋੜਾਂ ਅਤੇ ਸਹਿਮਤੀ ਨੂੰ ਕੇਂਦਰ ਵਿਚ ਰੱਖਣਾ ਜ਼ਰੂਰੀ ਹੈ, ਅਤੇ ਇਸ ਨੂੰ ਭਾਈਚਾਰੇ ਨਾਲ ਸੰਬੰਧਾਂ ਅਤੇ ਕਮਿਊਨਟੀ-ਆਧਾਰਿਤ ਮਦਦਾਂ ਦੀ ਮਹੱਤਤਾ `ਤੇ ਵੀ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

8 ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੋਲਿਸਟਰ ਜਨਰਲ ਨੂੰ ਐਮਰਜੰਸੀ ਵਿਚ ਕਾਰਵਾਈ ਕਰਨ ਦੇ ਮੌਜੂਦਾ ਤਰੀਕਿਆਂ ਵੱਲ ਮਨੁੱਖੀ ਹੱਕਾਂ `ਤੇ ਆਧਾਰਿਤ ਪਹੁੰਚ ਨੂੰ ਸ਼ਾਮਲ ਕਰਨ ਲਈ ਐਮਰਜੰਸੀ ਮੈਨੇਜਮੈਂਟ ਐਂਡ ਕਲਾਈਮੇਟ ਰੈਡੀਨੈਸ ਦੇ ਮਨਿਸਟਰ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ। ਖਾਸ ਤੌਰ `ਤੇ:

**ਏ.** ਵੱਡੇ ਸੰਕਟਾਂ ਲਈ ਐਮਰਜੰਸੀ ਪਲੈਨਿੰਗ ਵਿਚ ਨਫ਼ਰਤੀ ਭਾਸ਼ਨਾਂ ਅਤੇ ਨਫ਼ਰਤ ਕਾਰਨ ਪੈਦਾ ਹੋਈ ਹਿੰਸਾ ਵਿਚ ਵਾਧੇ ਨਾਲ ਨਜਿੱਠਣ ਦੀ ਪਲੈਨਿੰਗ ਵੀ ਸ਼ਾਮਲ ਹੋਣੀ ਜ਼ਰੂਰੀ ਹੈ, ਜਿਸ ਵਿਚ ਲਿੰਗ-ਆਧਾਰਿਤ ਹਿੰਸਾ ਵੀ ਸ਼ਾਮਲ ਹੈ। ਮੂਹਰਲੀਆਂ ਸਫ਼ਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਸੇਫਟੀ ਵੱਲ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

**ਬੀ.** ਬਹੁ-ਭਾਸ਼ਾਈ ਅਤੇ ਪਹੁੰਚਯੋਗ, ਸਹੀ, ਸਬੂਤ-ਆਧਾਰਿਤ ਅਤੇ ਪਾਰਦਰਸ਼ੀ ਗੱਲਬਾਤ ਯਕੀਨੀ ਬਣਾਉਣ ਲਈ ਸੰਕਟ ਦੇ ਸਮਿਆਂ ਵਾਸਤੇ ਇਕ ਕਮਿਊਨੀਕੇਸ਼ਨ ਜੁਗਤ ਤਿਆਰ ਕੀਤੀ ਜਾਣੀ ਚਾਹੀਦੀ ਹੈ। ਗੱਲਬਾਤ ਲਈ ਸਾਰਿਆਂ ਦੀ ਸ਼ਮੂਲੀਅਤ ਅਤੇ ਇਕਮੁੱਠਤਾ ਨੂੰ ਉਤਸ਼ਾਹਿਤ ਕਰਨਾ ਅਤੇ ਨਫਰਤ ਦੇ ਸਾਰੇ ਰੂਪਾਂ ਦੀ ਤੇਜ਼ੀ ਨਾਲ ਨਿੰਦਾ ਕਰਨਾ ਜ਼ਰੂਰੀ ਹੈ।

**ਸੀ.** ਲਿੰਗ-ਆਧਾਰਿਤ ਹਿੰਸਾ ਸਮੇਤ, ਨਫ਼ਰਤ ਵਿਰੁੱਧ ਕੰਮ ਕਰ ਰਹੀਆਂ ਚੰਗੇ ਫੰਡਾਂ ਵਾਲੀਆਂ ਕਮਿਊਨਟੀ ਸੰਸਥਾਵਾਂ ਦਾ ਵੱਡਾ ਨੈੱਟਵਰਕ ਕਾਇਮ ਰੱਖਣਾ ਚਾਹੀਦਾ ਹੈ। ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਅਤੇ ਦੋਸ਼ੀਆਂ ਦੀ ਮਦਦ ਕਰਨ ਵਾਲੀਆਂ ਕਮਿਊਨਟੀ ਸੰਸਥਾਵਾਂ ਦਾ, ਮਹਾਂਮਾਰੀ ਦੇ ਦੌਰਾਨ ਸਰਕਾਰੀ ਐਮਰਜੰਸੀ ਕਾਰਵਾਈ ਦੇ ਅਸਰ ਦਾ ਪਤਾ ਲਾਉਣ ਲਈ ਸਰਵੇਖਣ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਸਿਖਿਆਵਾਂ ਨੂੰ ਭਵਿੱਖ ਵਿਚ ਐਮਰਜੰਸੀ ਵੇਲੇ ਕਾਰਵਾਈ ਕਰਨ ਦੇ ਤਰੀਕਿਆਂ ਵਿਚ ਸ਼ਾਮਲ ਕੀਤਾ ਜਾ ਸਕੇ।

**ਡੀ.** ਹਿੰਸਾ ਵਿਰੋਧੀ ਐਮਰਜੰਸੀ ਪਲੈਨਿੰਗ ਵਿਚ ਸੁਰੱਖਿਅਤ ਪਨਾਹ ਅਤੇ ਮਦਦ ਲੱਭ ਰਹੀਆਂ ਔਰਤਾਂ, ਜਵਾਨ ਲੋਕਾਂ ਅਤੇ ਲਿੰਗ-ਭਿੰਨ ਲੋਕਾਂ ਲਈ ਜ਼ਿਆਦਾ ਅਤੇ ਨਿਸ਼ਾਨਾਬੱਧ ਸੇਵਾਵਾਂ ਨੂੰ ਸ਼ਾਮਲ ਕਰਨਾ

ਜ਼ਰੂਰੀ ਹੈ, ਜਿਵੇਂ ਕਿ ਸਮਾਜਿਕ ਦੂਰੀ ਲਈ ਥਾਂ ਦੀ ਗੁੰਜਾਇਸ਼ ਵਾਲੀ ਜ਼ਿਆਦਾ ਰਿਹਾਇਸ਼ ਅਤੇ ਟ੍ਰਾਂਜ਼ੀਸ਼ਨ ਹਾਊਸ ਦੀਆਂ ਥਾਂਵਾਂ ਅਤੇ ਪਬਲਿਕ ਕਮਿਊਨੀਕੇਸ਼ਨ ਪਲੈਨਾਂ ਤਾਂ ਜੋ ਇਹ ਪੱਕਾ ਹੋਵੇ ਕਿ ਪੀੜਿਤ ਇਹ ਜਾਣਦੇ ਹੋਣ ਕਿ ਮਦਦ ਕਿੱਥੋਂ ਲੈਣੀ ਹੈ। ਬੁਰਾ ਵਰਤਾਉ ਕਰਨ ਵਾਲਿਆਂ ਲਈ ਮਾਨਸਿਕ ਸਿਹਤ ਅਤੇ ਨਸ਼ਿਆਂ ਵਿਚ ਮਦਦ ਦੀਆਂ ਸੇਵਾਂਵਾਂ ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

**ਈ.** ਐਮਰਜੰਸੀਆਂ ਨਾਲ ਜੁੜੇ ਸੰਭਾਵੀ ਫਿਕਰ, ਡਰ, ਬੇਯਕੀਨੀ ਅਤੇ ਇਕੱਲਤਾ ਵਾਲੇ ਲੋਕਾਂ ਦੀ ਮਦਦ ਕਰਨ ਲਈ ਘੱਟ ਰੁਕਾਵਟ ਵਾਲੀਆਂ ਮਾਨਸਿਕ ਸਿਹਤ ਦੀਆਂ ਮਦਦਾਂ ਵੱਡੇ ਪੱਧਰ `ਤੇ ਉਪਲਬਧ ਹੋਣੀਆਂ ਚਾਹੀਦੀਆਂ ਹਨ।

9 ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ, ਜਿਨ੍ਹਾਂ ਵਿਚ ਗੂਗਲ, ਮੇਟਾ, ਰੈਡਿਟ, ਰੰਬਲ, ਟੈਲੀਗ੍ਰਾਮ, ਟਿਕਟੌਕ ਅਤੇ ਟਵਿੱਟਰ ਸ਼ਾਮਲ ਹਨ, ਇਹ ਕਰਨਾ ਚਾਹੀਦਾ ਹੈ:

**ਏ.** ਇਹ ਪੱਕਾ ਕਰਨਾ ਚਾਹੀਦਾ ਹੈ ਕਿ ਨਫ਼ਰਤੀ ਸਾਮੱਗਰੀ ਨਾਲ ਨਜਿੱਠਣ ਲਈ ਉਨ੍ਹਾਂ ਦੀ ਸਰਵਿਸ ਦੀਆਂ ਸਖਤ ਸ਼ਰਤਾਂ ਹਨ ਅਤੇ ਉਹ ਇਹ ਲਾਗੂ ਕਰ ਰਹੇ ਹਨ।

**ਬੀ.** ਸੰਭਾਵੀ ਨਫ਼ਰਤੀ ਜਾਣਕਾਰੀ ਤੋਂ ਦਰਸ਼ਕਾਂ ਨੂੰ ਦੂਰ ਕਰਨ ਲਈ ਵੰਡਣ ਵਾਲੀ, ਪੱਖਪਾਤੀ ਅਤੇ ਗੁੰਮਰਾਹਕੁੰਨ ਸਾਮੱਗਰੀ ਨੂੰ ਘੱਟ ਕਰਨ ਦੇ ਹੱਕ ਵਿਚ ਕੰਪਿਊਟਰ ਪ੍ਰੋਗਰਾਮਾਂ ਵਿਚ ਸੁਧਾਰ ਕਰਨਾ ਚਾਹੀਦਾ ਹੈ।

**ਸੀ.** ਨਫ਼ਰਤੀ ਸਾਮੱਗਰੀ ਦੇ ਨਾਲ ਮਸ਼ਹੂਰੀਆਂ ਪਾਉਣ ਨੂੰ ਫੌਰਨ ਬੰਦ ਕਰਨਾ ਚਾਹੀਦਾ ਹੈ।

**ਡੀ.** ਪਲੇਟਫਾਰਮ ਦੇ ਡਿਜ਼ਾਇਨ ਨਾਲ ਤਿਆਰ ਕੀਤੇ ਗਏ ਨਫ਼ਰਤ ਵਧਾਉਣ ਦੇ ਜਾਰੀ ਰਹਿਣ ਵਾਲੇ ਖਤਰਿਆਂ ਦਾ ਅਨੁਮਾਨ ਲਗਾਉਣ ਲਈ ਨਿਰਪੱਖ ਆਡਿਟਾਂ ਦੀ ਆਗਿਆ ਦੇਣੀ ਚਾਹੀਦੀ ਹੈ ਅਤੇ ਜਾਰੀ ਰਹਿਣ ਵਾਲੇ ਖਤਰਿਆਂ ਨੂੰ ਘਟਾਉਣ ਲਈ ਜੁਗਤਾਂ ਤਿਆਰ ਕਰਨੀਆਂ ਚਾਹੀਦੀਆਂ ਹਨ।

**ਈ.** ਬੀ.ਸੀ. ਵਿਚ ਔਨਲਾਈਨ ਨਫ਼ਰਤੀ ਸਾਮੱਗਰੀ ਦੀ ਗਿਣਤੀ ਅਤੇ ਕਿਸਮ ਅਤੇ ਪਲੇਟਫਾਰਮਾਂ ਦੀਆਂ ਜਵਾਬੀ ਕਾਰਵਾਈਆਂ ਬਾਰੇ, ਜਿਨ੍ਹਾਂ ਵਿਚ ਸਮਾਂ-ਅਨੁਕੂਲਤਾ, ਚੁੱਕੇ ਗਏ ਕਦਮ, ਅਤੇ ਅਪੀਲਾਂ ਅਤੇ ਮਨਸੂਖੀਆਂ ਸ਼ਾਮਲ ਹਨ, ਲੋਕਾਂ ਅੱਗੇ ਸਮੇਂ ਸਿਰ, ਪਾਰਦਰਸ਼ੀ ਅਤੇ ਸਹੀ ਰਿਪੋਰਟਿੰਗ ਕਰਨ ਲਈ ਵਚਨਬੱਧ ਹੋਣਾ ਚਾਹੀਦਾ ਹੈ। ਪਾਰਦਰਸ਼ਤਾ ਦੀਆਂ ਸ਼ਰਤਾਂ ਵਿਚ ਪਲੇਟਫਾਰਮਾਂ ਉੱਪਰ ਨਫ਼ਰਤੀ ਸਾਮੱਗਰੀ ਦੀ ਹੋਂਦ ਅਤੇ ਪਲੇਟਫਾਰਮਾਂ ਦੀਆਂ ਜਵਾਬੀ ਕਾਰਵਾਈਆਂ ਦੋਨਾਂ ਦਾ ਮੁਲਾਂਕਣ ਕਰਨ ਵਾਸਤੇ ਆਜ਼ਾਦ ਖੋਜੀਆਂ ਲਈ ਡੈਟੇ ਤੱਕ ਢੁਕਵੀਂ ਪਹੁੰਚ ਪ੍ਰਦਾਨ ਕਰਨਾ ਵੀ ਸ਼ਾਮਲ ਹੋਣਾ ਚਾਹੀਦਾ ਹੈ, ਇਹ ਯਕੀਨੀ ਬਣਾਉਣ ਲਈ ਉਨ੍ਹਾਂ ਸ਼ਰਤਾਂ ਨਾਲ ਕਿ ਇਹ ਪਹੁੰਚ ਸੋਸ਼ਲ ਮੀਡੀਆ ਦੇ ਵਰਤੋਂਕਾਰਾਂ ਦੀ ਭੇਤਦਾਰੀ ਦੇ ਹੱਕਾਂ ਨਾਲ ਸਮਝੌਤਾ ਨਹੀਂ ਕਰਦੀ ਹੈ।

## ਜਵਾਬਦੇਹੀ ਅਤੇ ਠੀਕ ਕਰਨ ਲਈ ਸਿਫਾਰਸ਼ਾਂ:

**10** ਅਟਾਰਨੀ ਜਨਰਲ ਨੂੰ ਇਹ ਕਰਕੇ ਨਫ਼ਰਤ ਵਾਲੇ ਜੁਰਮਾਂ ਦੇ ਮੁਕੱਦਮੇ ਚਲਾਉਣ ਵਿਚ ਤਕੜੀ ਜਨਤਕ ਦਿਲਚਸਪੀ ਉਪਰ ਜ਼ੋਰ ਦੇਣ ਲਈ ਕਰਾਊਨ ਦੀ ਪਾਲਸੀ ਵਿਚ ਸੁਧਾਰ ਕਰਨੇ ਚਾਹੀਦੇ ਹਨ:

- **ਏ.** ਨਫ਼ਰਤ ਨਾਲ ਸੰਬੰਧਿਤ ਘਟਨਾਵਾਂ ਦੇ ਮੁਕੱਦਮਿਆਂ ਦੇ ਵੱਡੇ ਦਾਇਰੇ ਨੂੰ ਉਤਸ਼ਾਹ ਦੇ ਕੇ। ਠੀਕ ਕਰਨ ਲਈ ਨਿਆਂਇਕ ਉਪਾ ਢੁਕਵੇਂ ਸਮਝੇ ਜਾਣੇ ਚਾਹੀਦੇ ਹਨ।
- **ਬੀ.** ਇਸ ਚੀਜ਼ ਬਾਰੇ ਸੇਧ ਦੇ ਕੇ ਕਿ ਲਿੰਗ-ਆਧਾਰਿਤ ਹਿੰਸਾ ਨੂੰ ਕਦੋਂ ਨਫ਼ਰਤੀ ਜੁਰਮ ਸਮਝਿਆ ਜਾਣਾ ਚਾਹੀਦਾ ਹੈ, ਜਿਸ ਵਿਚ ਲਿੰਗ-ਆਧਾਰਿਤ ਹਿੰਸਾ ਨੂੰ ਸਜ਼ਾ ਸੁਣਾਉਣ ਵਿਚ ਨਫ਼ਰਤ ਨਾਲ ਸੰਬੰਧਿਤ ਸੰਗੀਨ ਪੱਖ ਸਮਝਿਆ ਜਾਣਾ ਵੀ ਸ਼ਾਮਲ ਹੈ।
- **ਸੀ.** ਨਫ਼ਰਤ ਦੀਆਂ ਘਟਨਾਵਾਂ ਬਾਰੇ ਡੈਟਾ ਇਕੱਠਾ ਕਰਕੇ ਅਤੇ ਜਾਰੀ ਕਰਕੇ, ਜਿਸ ਵਿਚ ਚਾਰਜਾਂ ਨੂੰ ਪ੍ਰਵਾਨਗੀ ਦੇਣਾ, ਮੁਕੱਦਮਿਆਂ ਦੇ ਨਤੀਜੇ ਅਤੇ ਸਜ਼ਾ ਦੇ ਇਕ ਸੰਗੀਨ ਪੱਖ ਵਜੋਂ ਨਫ਼ਰਤ ਦੀ ਸ਼ਮੂਲੀਅਤ ਵਾਲੇ ਕੇਸ ਸ਼ਾਮਲ ਹਨ। ਇਸ ਡੈਟਾ ਵਿਚ ਅੰਕੜਿਆਂ ਦਾ ਵੱਖਰਾ ਕੀਤਾ ਹੋਇਆ ਡੈਟਾ ਵੀ ਸ਼ਾਮਲ ਹੋਣਾ ਚਾਹੀਦਾ ਹੈ। ਇਹ ਪਤਾ ਲਾਉਣ ਲਈ ਡੈਟੇ ਦਾ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਨਫ਼ਰਤ ਪ੍ਰਤੀ ਕ੍ਰਿਮੀਨਲ ਜਸਟਿਸ ਦੀ ਕਾਰਵਾਈ ਦੀ ਅਸਰਦਾਇਕਤਾ ਵਿਚ ਸੁਧਾਰ ਕਰਨ ਲਈ ਹੋਰ ਸੁਧਾਰ ਜ਼ਰੂਰੀ ਹਨ ਅਤੇ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਮੁਕੱਦਮੇ ਬੇਇਨਸਾਫੀਆਂ ਨੂੰ ਹੋਰ ਨਾ ਵਧਾਉਣ।

**11** ਪਬਲਿਕ ਸੇਫਟੀ ਦੇ ਮਨਿਸਟਰ ਅਤੇ ਸੋਲਿਸਟਰ ਜਨਰਲ ਨੂੰ ਪੁਲੀਸ ਕੋਲ ਰਿਪੋਰਟ ਕੀਤੀਆਂ ਜਾਣ ਵਾਲੀਆਂ ਨਫ਼ਰਤੀ ਘਟਨਾਵਾਂ ਬਾਰੇ ਕਾਰਵਾਈ ਕਰਨ ਵਾਸਤੇ ਪੁਲੀਸ ਲਈ ਇਕ ਮਿਆਰ ਤਿਆਰ ਕਰਨਾ ਚਾਹੀਦਾ ਹੈ, ਜਿਸ ਵਿਚ ਇਹ ਚੀਜ਼ਾਂ ਸ਼ਾਮਲ ਹੋਣੀਆਂ ਜ਼ਰੂਰੀ ਹਨ:

- **ਏ.** ਇਸ ਚੀਜ਼ ਉੱਪਰ ਜ਼ੋਰ ਕਿ ਕਦੋਂ ਲਿੰਗ-ਆਧਾਰਿਤ ਹਿੰਸਾ ਨੂੰ ਇਕ ਨਫ਼ਰਤੀ ਜੁਰਮ ਦੇ ਤੌਰ `ਤੇ ਸਮਝਿਆ ਜਾਣਾ ਚਾਹੀਦਾ ਹੈ, ਜਿਸ ਵਿਚ ਉਨ੍ਹਾਂ ਕੇਸਾਂ ਦੇ ਹੱਕ ਵਿਚ ਸਬੂਤ ਇਕੱਠਾ ਕਰਨ ਬਾਰੇ ਸੇਧ ਵੀ ਸ਼ਾਮਲ ਹੈ ਜਿੱਥੇ ਲਿੰਗ-ਆਧਾਰਿਤ ਹਿੰਸਾ ਨੂੰ ਸਜ਼ਾ ਸੁਣਾਉਣ ਵਿਚ ਨਫ਼ਰਤ ਨਾਲ ਸੰਬੰਧਿਤ ਸੰਗੀਨ ਪੱਖ ਸਮਝਿਆ ਜਾ ਸਕਦਾ ਹੈ।
- **ਬੀ.** ਪੜਤਾਲਾਂ ਅਤੇ ਚਾਰਜ ਲਈ ਸਿਫਾਰਸ਼ਾਂ ਵਿਚ ਮਦਦ ਕਰਨ ਲਈ ਨਫ਼ਰਤੀ ਜੁਰਮਾਂ ਦੇ ਸੰਕੇਤ।
- **ਸੀ.** ਇਹ ਸ਼ਰਤ ਕਿ ਸਾਰੇ ਪੁਲੀਸ ਡਿਪਾਰਟਮੈਂਟ ਪਹਿਲਾਂ ਹੀ ਮੌਜੂਦ ਅਫਸਰਾਂ ਵਿੱਚੋਂ ਘੱਟੋ ਘੱਟ ਇਕ ਅਫਸਰ ਨੂੰ ਨਫ਼ਰਤੀ ਜੁਰਮਾਂ ਦਾ ਸਪੈਸ਼ਲਿਸਟ ਨਿਯੁਕਤ ਕਰਨ ਅਤੇ ਟਰੇਂਡ ਕਰਨ, ਜੋ ਸਪੈਸ਼ਲ ਕਰਾਊਨ ਕੌਂਸਲ ਅਤੇ ਬੀ ਸੀ ਹੇਟ ਕਰਾਇਮਜ਼ ਨਾਲ ਸਲਾਹ-ਮਸ਼ਵਰਾ ਕਰਨ ਲਈ ਜ਼ਿੰਮੇਵਾਰ ਹੋਵੇ।
- **ਡੀ.** ਸੂਬੇ ਭਰ ਵਿਚਲੇ ਰਿਪੋਰਟ ਕਰਨ ਦੇ ਸਿਸਟਮ ਦੀ ਮਦਦ ਲਈ ਸ਼ਿਕਾਰ ਹੋਏ ਲੋਕਾਂ-ਪੀੜਿਤਾਂ ਨੂੰ ਰੈਫਰਲਜ਼ ਪ੍ਰਦਾਨ ਕਰਨ ਲਈ ਪੁਲੀਸ ਨੂੰ ਸੇਧ।
- **ਈ.** ਡੈਟਾ ਇਕਸਮਾਨ ਇਕੱਠਾ ਕਰਨ ਅਤੇ ਰਿਪੋਰਟ ਕਰਨ ਨੂੰ ਪੱਕਾ ਕਰਨ ਲਈ ਸੇਧ, ਜਿਸ ਵਿਚ ਨਫ਼ਰਤੀ ਘਟਨਾ/ਜੁਰਮ ਦੀ ਇਕਸਾਰ ਪਰਿਭਾਸ਼ਾ ਅਤੇ ਨਫ਼ਰਤ ਦੇ ਬਹੁਪੱਖੀ ਕਾਰਨਾਂ ਨੂੰ ਰਿਕਾਰਡ ਕਰਨ ਦੀ ਮੰਗ

ਸ਼ਾਮਲ ਹਨ ਜਿੱਥੇ ਸਬੂਤ ਅਤੇ ਇਸ ਦੇ ਨਾਲ ਪੀੜਿਤਾਂ ਅਤੇ ਕਸੂਰਵਾਰਾਂ ਬਾਰੇ ਅੰਕੜਿਆਂ ਦਾ ਵੱਖਰਾ ਕੀਤਾ ਹੋਇਆ ਡੈਟਾ ਮੌਜੂਦ ਹਨ।

**ਐੱਫ.** ਪੁਲੀਸ ਨੂੰ ਇਹ ਸੇਧ ਕਿ ਉਹ ਨਫ਼ਰਤੀ ਘਟਨਾਵਾਂ ਦੇ ਵੱਡੇ ਦਾਇਰੇ ਦੀ ਰਿਪੋਰਟ ਕਰਨ ਲਈ ਲੋਕਾਂ ਨੂੰ ਉਤਸ਼ਾਹ ਦੇਵੇ ਅਤੇ ਉਨ੍ਹਾਂ ਦੀ ਪੜਤਾਲ ਕਰੇ।

ਕਮਿਸ਼ਨਰ ਨੂੰ ਉਮੀਦ ਹੈ ਕਿ ਆਰ ਸੀ ਐੱਮ ਪੀ, ਬੀ.ਸੀ. ਵਿਚ ਆਪਣੇ ਪੁਲੀਸਿੰਗ ਦੇ ਮਿਆਰਾਂ ਨੂੰ, ਸੂਬਾਈ ਪੁਲੀਸ ਸਰਵਿਸ ਦੇ ਐਗਰੀਮੈਂਟ ਦੇ ਆਰਟੀਕਲ 6.5 ਮੁਤਾਬਕ ਨਫ਼ਰਤ ਬਾਰੇ ਸੂਬੇ ਦੇ ਪੁਲੀਸਿੰਗ ਮਿਆਰ ਨਾਲ ਇਕਸੁਰ ਕਰੇਗੀ।

12 ਅਟਾਰਨੀ ਜਨਰਲ ਨੂੰ ਇਨ੍ਹਾਂ ਚੀਜ਼ਾਂ ਨੂੰ ਸ਼ਾਮਲ ਕਰਕੇ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਨੂੰ ਨਫ਼ਰਤ ਬਾਰੇ ਜ਼ਿਆਦਾ ਕਾਰਵਾਈ ਕਰਨ ਦੇ ਯੋਗ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ:

**ਏ.** ਸ਼ਿਕਾਇਤਾਂ `ਤੇ ਅਸਰਦਾਇਕ ਤਰੀਕੇ ਨਾਲ ਕਾਰਵਾਈ ਕਰਨ ਲਈ ਟ੍ਰਿਬਿਊਨਲ ਨੂੰ ਢੁਕਵੇਂ ਫੰਡ ਯਕੀਨੀ ਬਣਾਉਣਾ।

**ਬੀ.** ਬੀ.ਸੀ. ਦੇ *ਹਿਊਮਨ ਰਾਈਟਸ ਕੋਡ* ਦੇ ਸੈਕਸ਼ਨ 7 ਵਿਚ ਸੋਧ ਕਰਨ ਲਈ ਵਿਧਾਨ ਸਭਾ ਦੇ ਵਿਚਾਰਨ ਲਈ ਕਾਨੂੰਨ ਪੇਸ਼ ਕਰਨਾ ਤਾਂ ਜੋ ਇਹ ਸਪਸ਼ਟ ਹੋਵੇ ਕਿ ਇਹ ਲਾਗੂ ਹੁੰਦਾ ਹੈ ਭਾਵੇਂ ਲਿਖਤਾਂ ਔਨਲਾਈਨ ਹੋਣ ਜਾਂ ਔਫਲਾਈਨ ਹੋਣ।

**ਸੀ.** ਨਫ਼ਰਤ ਵਾਲੀਆਂ ਲਿਖਤਾਂ ਦੇ ਮੰਤਵਾਂ ਲਈ ਵਿਤਕਰੇ ਦੇ ਵਰਜਿਤ ਆਧਾਰ ਵਜੋਂ ਸਮਾਜਿਕ ਹਾਲਤ ਨੂੰ ਸ਼ਾਮਲ ਕਰਨ ਲਈ, ਸੈਕਸ਼ਨ 7 ਅਤੇ ਵਿਤਕਰੇ ਦੇ ਵਰਜਿਤ ਆਧਾਰਾਂ ਵਾਲੇ ਕੋਡ ਦੇ ਹੋਰ ਸਾਰਥਿਕ ਸੈਕਸ਼ਨਾਂ ਨੂੰ ਸੋਧਣ ਲਈ ਵਿਧਾਨ ਸਭਾ ਦੇ ਵਿਚਾਰਨ ਲਈ ਕਾਨੂੰਨ ਪੇਸ਼ ਕਰਨਾ।